# ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ

# SARDAR DILBAG SINGH GOVERNMENT COLLEGE JADLA

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ 144515

(Shahid Bhagat Singh Nagar 144515)

## ਪ੍ਰੋਸਪੈਕਟਸ

## *Prospectus 2025-26*









# ਕਾਲਜ ਸ਼ਬਦ

ਦੇਹ ਸਿਵਾ ਬਰੁ ਮੋਹਿ ਇਹੈ

ਸੁਭ ਕਰਮਨ ਤੇ ਕਬਹੂੰ ਨ ਟਰੋ।

ਨ ਡਰੋ ਅਰਿ ਸੋ ਜਬ ਜਾਇ ਲਰੇ

ਨਿਸਚੈ ਕਰਿ ਅਪੁਨੀ ਜੀਤ ਕਰੋ।

ਅਰੁ ਸਿਖ ਹੋ ਆਪਨੇ ਹੀ ਮਨ ਕੋ

ਇਹ ਲਾਲਚ ਹਉ ਗੁਨ ਤਉ ਉਚਰੋ।

ਜਬ ਆਵ ਕੀ ਅਉਧ ਨਿਦਾਨ ਬਨੈ

ਅਤਿ ਹੀ ਰਨ ਮੈ ਤੁਬ ਜੂਝ ਮਰੋ। ੨੩੧।

# ਪ੍ਰਿੰਸੀਪਲ ਦੀ ਕਲਮ ਤੋਂ

ਪਿਆਰੇ ਵਿਦਿਆਰਥੀਓ,

ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਜ਼ਿਲਾ ਸਹੀਦ ਭਗਤ ਸਿੰਘ ਨਗਰ ਦੀ ਇਕ ਸਿਰਮੋਰ ਸਰਕਾਰੀ ਵਿਦਿਅਕ ਸੰਸਥਾ ਹੈ।ਅਗਸਤ 2018 ਵਿੱਚ ਪਿੰਡ ਬੀਰੋਵਾਲ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਈ ਇਹ ਸੰਸਥਾ 2021 ਵਿੱਚ ਪਿੰਡ ਜਾਡਲਾ ਵਿਖੇ ਪੰਜ ਏਕੜ ਵਿੱਚ ਬਣੀ ਆਪਣੀ ਰਮਣੀਕ ਵਿਸ਼ਾਲ ਇਮਾਰਤ ਵਿੱਚ ਤਬਦੀਲ ਹੋ ਗਈ। ਇਸ ਸੰਸਥਾ ਵਿੱਚ ਵਿਦਿਆਰਥੀਆਂ ਦੀ ਸੁਵਿਧਾ ਲਈ ਖੁੱਲੇ ਰੋਸ਼ਨੀ ਭਰਪੂਰ, ਹਵਾਦਾਰ ਅਤੇ ਆਧੁਨਿਕ ਸੁਵਿਧਾਵਾ ਵਾਲੇ ਕਲਾਸ ਰੂਮਜ਼, ਲੈਕਚਰ ਥੀਏਟਰ, ਬਹੁਮੰਤਵੀ ਹਾਲ, ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ, ਕੰਟੀਨ ਅਤੇ ਆਧੁਨਿਕ ਪ੍ਰਯੋਗਸ਼ਾਲਾਵਾਂ ਹਨ। ਸਾਡਾ ਸਮਰਪਿਤ ਅਤੇ ਕਾਬਿਲ ਅਧਿਆਪਨ ਅਮਲਾ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਨਾ ਸਿਰਫ ਅਕਾਦਮਿਕ ਤੌਰ ਤੇ ਉੱਤਮ ਹੋਣ ਬਲਕਿ ਜਰੂਰੀ ਜੀਵਨ ਹੁਨਰ ਵੀ ਵਿਕਸਿਤ ਕਰਨ। ਇਸ ਤੋਂ ਇਲਾਵਾ ਸੂਚਜਾ ਨਾਨ-ਟੀਚਿੰਗ ਸਟਾਫ ਹਰ ਸਮੇਂ ਤੁਹਾਡੀ ਸਹਾਇਤਾ ਲਈ ਹਾਜ਼ਰ ਹੈ।



ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਗਿਆਨ ਪ੍ਰਦਾਨ ਕਰਨ ਦੇ ਨਾਲ ਨਾਲ ਚਰਿਤਰ ਉਸਾਰੀ ਕਲਾ ਅਤੇ ਰਚਨਾਤਮਕ ਗੁਣਾਂ ਨੂੰ ਉਤਸਾਹਿਤ ਕਰਨ ਅਤੇ ਸਮਾਜਿਕ ਜਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਨ ਦੇ ਲਗਾਤਾਰ ਅਣਥੱਕ ਉਪਰਾਲੇ ਕਰ ਰਿਹਾ ਹੈ। ਇਹ ਸੰਸਥਾ ਤੁਹਾਡੀ ਪ੍ਰਤਿਭਾ ਅਤੇ ਸਖਸ਼ੀਅਤ ਦੇ ਬਹੁਪੱਖੀ ਵਿਕਾਸ ਕਰਨ ਲਈ ਸਹਿ-ਵਿਦਿਅਕ ਗਤੀਵਿਧੀਆਂ ਜਿਵੇਂ ਕਿ ਕੌਮੀ ਸੇਵਾ ਯੋਜਨਾ, ਯੁਵਕ ਸੇਵਾਵਾਂ ਕਲੱਬ, ਰੈੱਡ ਰਿਬਨ ਕਲੱਬ, ਯੁਵਕ ਮੇਲਿਆਂ, ਸੈਮੀਨਾਰਾਂ ਆਦਿ ਰਾਹੀਂ ਮੰਚ ਪ੍ਰਦਾਨ ਕਰਦੀ ਹੈ ਅਤੇ ਤੁਹਾਡੀ ਅਗਵਾਈ ਕਰਦੀ ਹੈ। ਇਸ ਤੋਂ ਇਲਾਵਾ ਇਹ ਸੰਸਥਾ ਸਵੱਛ ਭਾਰਤ ਮਿਸ਼ਨ, ਤੰਦਰੁਸਤ ਪੰਜਾਬ ਮਿਸ਼ਨ, ਮੁਫਤ ਕਾਨੂੰਨੀ ਸੇਵਾਵਾਂ ਬੱਡੀ ਪ੍ਰੋਗਰਾਮ ਅਤੇ ਵੋਟਰ ਜਾਗਰੂਕਤਾ ਸਬੰਧੀ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਵਿਚ ਚੇਤਨਾ ਪੈਦਾ ਕਰਕੇ ਉਨ੍ਹਾਂ ਨੂੰ ਨਸ਼ਿਆਂ, ਕੰਨਿਆ ਭਰੂਣ ਹੱਤਿਆ, ਦਾਜ ਦੀ ਲਾਹਣਤ ਜਿਹੀਆਂ ਬੁਰਾਈਆਂ ਖਿਲਾਫ ਖੜੇ ਹੋ ਕੇ ਉਸਾਰੂ ਸਮਾਜ ਦੀ ਸਿਰਜਣਾ ਕਰਨ ਪ੍ਰਤੀ ਪ੍ਰੇਰਿਤ ਕਰਨ ਲਈ ਹਮੇਸ਼ਾ ਤੱਤਪਰ ਹੈ।

ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਇਸ ਸੰਸਥਾ ਨੂੰ ਪਹਿਲ ਦੇ ਆਧਾਰ ਤੇ ਚੁਣਿਆ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਇਸਦੇ ਉਸਾਰੂ ਅਤੇ ਮਿਲਵਰਤਣ ਤਰਪੂਰ ਵਾਤਾਵਰਣ ਵਿੱਚ ਵਿਦਿਆ ਪ੍ਰਾਪਤ ਕਰਕੇ ਨਾ ਸਿਰਫ ਆਪਣੇ ਆਪ ਲਈ ਸਗੋਂ ਪੂਰੇ ਸਮਾਜ ਲਈ ਇੱਕ ਬਿਹਤਰ ਬਦਲਾਅ ਦਾ ਵਾਹਕ ਬਣੋਗੇ ਅਤੇ ਆਪਣੇ ਸੁਪਨੇ ਸਾਕਾਰ ਕਰਦਿਆਂ ਜੀਵਨ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰਕੇ ਇਸ ਸੰਸਥਾ ਦਾ ਨਾਮ ਰੋਸ਼ਨ ਕਰੋਗੇ।

**ਸ਼੍ਰੀਮਤੀ ਗੀਤਾਜਲੀ ਸ਼ਰਮਾ**

**ਪ੍ਰਿੰਸੀਪਲ**

# ਤਤਕਰਾ


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1 | ਕਾਲਜ ਸਬੰਧੀ ਜਾਣਕਾਰੀ/ਮਿਸ਼ਨ/ਦਰਸ਼ਨ/ਉਦੇਸ਼ | 1-2 |
| 2 | ਪ੍ਰਬੰਧਕੀ ਸੂਚਨਾ | 3 |
| 3 | ਅਧਿਆਪਨ ਅਤੇ ਗੈਰ ਅਧਿਆਪਨ ਅਮਲਾ | 4 |
| 4 | ਕਮੇਟੀਆਂ ਅਤੇ ਸੈੱਲ | 5-9 |
| 5 | ਸਮੈਸਟਰ ਪ੍ਰਣਾਲੀ ਅਧੀਨ ਉਪਲੱਬਧ ਕੋਰਸ | 10 |
| 6 | ਦਾਖਲੇ ਲਈ ਯੋਗਤਾ ਅਤੇ ਵਿਸ਼ਿਆਂ ਦਾ ਵੇਰਵਾ | 11-13 |
| 7 | ਦਾਖਲੇ ਸਬੰਧੀ ਜ਼ਰੂਰੀ ਹਦਾਇਤਾਂ | 14-15 |
| 8 | ਰੀਜ਼ਰਵੇਸ਼ਨ ਪਾਲਿਸੀ | 16 |
| 9 | ਦਾਖਲੇ ਸਬੰਧੀ ਨਿਯਮ ਅਤੇ ਸ਼ਡਿਊਲ | 17-19 |
| 10 | ਵਿਦਿਆਰਥੀਆਂ ਦੀ ਸਖਸ਼ੀਅਤ ਉਸਾਰੀ ਅਤੇ ਵਿਕਾਸ ਲਈ ਸਹੂਲਤ | 20-22 |
| 11 | ਸਹਿ ਵਿੱਦਿਅਕ ਗਤੀਵਿਧੀਆਂ | 23-24 |
| 12 | ਵਜੀਫਿਆਂ ਸਬੰਧੀ ਜਾਣਕਾਰੀ | 25-26 |
| 13 | ਵਰਕਸ਼ਾਪਾਂ ਅਤੇ ਸੈਮੀਨਾਰ | 27 |
| 14 | ਟੂਰ | 28 |
| 15 | ਅਖਬਾਰਾਂ ਦੀਆਂ ਸੁਰਖੀਆਂ | 29 |
| 16 | ਖੇਡ ਗਤੀਵਿਧੀਆਂ | 30 |
| 17 | ਐਨ.ਐੱਸ.ਐੱਸ ਗਤੀਵਿਧੀਆਂ | 31 |
| 18 | ਸਮਾਗਮ/ਸਮਾਰੋਹ | 32 |
| 19 | ਕਾਲਜ ਦਾ ਮਾਣ | 33 |
| 20 | ਕਾਲਜ ਕੈਂਪਸ ਵਿੱਚ ਅਨੁਸ਼ਾਸਨ ਸਬੰਧੀ ਨਿਯਮ | 34 |
| 21 | ਲੋੜੀਂਦੇ ਸਰਟੀਫੀਕੇਟਾਂ ਦੇ ਨਮੂਨੇ | 35-38 |

# ਕਾਲਜ ਸਬੰਧੀ ਜਾਣਕਾਰੀ/ਮਿਸ਼ਨ/ਦਰਸ਼ਨ/ਉਦੇਸ਼

## College Profile

## (ਕਾਲਜ ਸਬੰਧੀ ਜਾਣਕਾਰੀ)



SDS Government College, Jadla, SBS Nagar, is a premier institution dedicated to fostering academic excellence and holistic development. Established in 2018, the college has been instrumental in providing quality higher education in the rural landscape of Punjab. In 2021, the institution took a significant leap forward by shifting to its new, well-equipped campus, offering a conducive learning environment that blends modern infrastructure with a commitment to traditional values.

Guided by the motto “Empowering Minds,” the college aims to shape young individuals into intellectually competent, socially responsible, and ethically driven citizens. Offering undergraduate programs in Bachelor of Arts (B.A.) and Bachelor of Commerce (B.Com.), SDS Government College provides a strong academic foundation along with skill development opportunities that enhance employability and personal growth.

Located in the heart of a rural community, the college plays a pivotal role in bridging the educational divide by making higher education accessible to students from diverse backgrounds. With a dedicated faculty, a student-centric approach, and a focus on research, innovation, and extracurricular excellence, SDS Government College, Jadla, is committed to creating future leaders who can contribute meaningfully to society.

## Vision (ਦਰਸ਼ਨ)

SDS Government College, Jadla, envisions becoming a center of excellence in higher education, fostering intellectual growth and holistic development among students. Guided by the motto "Empowering Minds," we are committed to nurturing critical thinking, ethical values, and professional competence. As a beacon of knowledge in a rural setting, we aspire to bridge the gap between traditional wisdom and modern advancements, equipping students with the skills and confidence to excel in a dynamic world.

## Mission (ਮਿਸ਼ਨ)

Our mission is to provide quality education that is accessible, inclusive, and transformative. We strive to create an academically stimulating environment where students are encouraged to explore their potential and contribute meaningfully to society. Through a comprehensive curriculum, skill development initiatives, and co-curricular activities, we aim to cultivate leadership, social responsibility, and lifelong learning. Emphasizing the importance of innovation and cultural heritage, we endeavor to empower students with knowledge and values that shape them into responsible global citizens.

## Objectives (ਉਦੇਸ਼)

- To provide affordable and high-quality education in Arts and Commerce.
- To foster a culture of academic excellence, research, and innovation.
- To enhance students' employability through skill-based learning and industry exposure.
- To instill ethical values, social responsibility, and leadership qualities.
- To promote inclusivity and equal opportunities for students from all backgrounds.
- To encourage participation in cultural, sports, and community service activities.
- To bridge the educational divide by integrating modern technology with traditional learning.
- To create a student-centric learning environment that inspires critical thinking and creativity.

This vision, mission, and objectives reflect our unwavering dedication to shaping well-rounded individuals who contribute positively to society while achieving personal and professional success.

**EMPOWERING MINDS**



# ਪ੍ਰਬੰਧਕੀ ਸੂਚਨਾ

## ਕਾਲਜ ਪ੍ਰਸ਼ਾਸਨ

- ਸ਼੍ਰੀਮਤੀ ਗੀਤਾਂਜਲੀ ਸ਼ਰਮਾ - ਪ੍ਰਿੰਸੀਪਲ
- ਸ਼੍ਰੀਮਤੀ ਪ੍ਰਿਆ ਬਾਵਾ - ਵਾਈਸ ਪ੍ਰਿੰਸੀਪਲ, ਖਜਾਨਚੀ ਪੀ.ਟੀ.ਏ., ਬਰਸਰ, ਡੀਨ ਵਿਦਿਆਰਥੀ ਭਲਾਈ, IQAC ਕੋਆਡੀਨੇਟਰ, ਕਲਚਰਲ ਕੋਆਰਡੀਨੇਟਰ
- ਡਾ. ਬਲਜੀਤ ਕੌਰ - ਦਾਖਲਾ ਕੋਆਰਡੀਨੇਟਰ, ਸੀਐਮ ਸਕਾਲਰਸ਼ਿਪ ਇੰਚਾਰਜ,
- ਮਿਸ ਪ੍ਰਿਅੰਕਾ - ਕੰਟਰੋਲਰ ਯੂਨੀਵਰਸਿਟੀ ਪ੍ਰੀਖਿਆਵਾਂ, ਰਜਿਸਟਰਾਰ ਘਰੇਲੂ ਪ੍ਰੀਖਿਆਵਾਂ, ਲਾਇਬ੍ਰੇਰੀ ਇੰਚਾਰਜ
- ਸ਼੍ਰੀਮਤੀ ਸੋਨੀਆ - ਐਨਐਸਐਸ ਪ੍ਰੋਗਰਾਮ ਅਫਸਰ, ਆਲੂਮਨੀ ਇੰਚਾਰਜ
- ਸ਼੍ਰੀ ਜਸਵਿੰਦਰ ਰੱਲ੍ਹ - ਇੰਚਾਰਜ ਪੋਸਟ ਮੈਟਰਿਕ ਵਜ਼ੀਫੇ

## ਦਾਖ਼ਲਾ ਕਮੇਟੀਆਂ ਦੇ ਕਨਵੀਨਰ

| | |
|---|---|
| ○ ਬੀ.ਏ ਭਾਗ ਪਹਿਲਾ | ਮਿਸ ਪ੍ਰਿਅੰਕਾ ਅਤੇ ਸ.ਹਰਿੰਦਰਜੀਤ ਸਿੰਘ (9041060921) |
| ○ ਬੀ.ਏ ਭਾਗ ਦੂਜਾ | ਡਾ.ਬਲਜੀਤ ਕੌਰ (8437029150) |
| ○ ਬੀ.ਏ ਭਾਗ ਤੀਜਾ | ਸ਼੍ਰੀਮਤੀ ਸੋਨੀਆ (8360654476) |
| ○ ਬੀ.ਕਾਮ ਭਾਗ ਪਹਿਲਾ | ਸ਼੍ਰੀ ਜਸਵਿੰਦਰ ਰੱਲ (8699131191) |
| ○ ਬੀ.ਕਾਮ ਭਾਗ ਦੂਜਾ | ਸ਼੍ਰੀਮਤੀ ਪਰਮਜੀਤ ਕੌਰ (6284082675) |
| ○ ਬੀ.ਕਾਮ ਭਾਗ ਤੀਜਾ | ਸ਼੍ਰੀਮਤੀ ਨੇਹਾ ਰਾਣੀ (8427381957) |
| ○ ਕਿੱਤਾ ਮੁੱਖੀ ਕੋਰਸ | ਸ਼੍ਰੀਮਤੀ ਪ੍ਰਿਆ ਬਾਵਾ (9646627744) |



## ਦਾਖ਼ਲਾ ਹੈਲਪਲਾਈਨ

ਡਾ.ਬਲਜੀਤ ਕੌਰ (8437029150)

ਮਿਸ ਪ੍ਰਿਅੰਕਾ (8968092688)

ਸ.ਹਰਿੰਦਰਜੀਤ ਸਿੰਘ (9041060921)

ਸ਼੍ਰੀ ਜਸਵਿੰਦਰ ਰੱਲ (8699131191)

# ਅਧਿਆਪਨ ਅਤੇ ਗੈਰ ਅਧਿਆਪਨ ਅਮਲਾ

## ਅਧਿਆਪਨ ਅਮਲਾ

### ਸਰੀਰਿਕ ਸਿੱਖਿਆ ਵਿਭਾਗ

ਸ਼੍ਰੀਮਤੀ ਪ੍ਰਿਆ ਬਾਵਾ (M.P.Ed,UGC NET)

### ਲੋਕ ਪ੍ਰਸ਼ਾਸਨ ਵਿਭਾਗ

ਡਾ.ਬਲਜੀਤ ਕੌਰ (Ph.D,UGC NET)

### ਕੰਪਿਊਟਰ ਸਾਇੰਸ ਵਿਭਾਗ

ਮਿਸ ਪ੍ਰਿਆਕਾ (M.Sc.IT,MCA,
UGC NET,UGC JRF)

### ਰਾਜਨੀਤੀ ਸ਼ਾਸਤਰ ਵਿਭਾਗ

ਸ਼੍ਰੀਮਤੀ ਸੋਨੀਆ (MA,M.Ed,UGC NET)

### ਪੰਜਾਬੀ ਵਿਭਾਗ

ਸ.ਹਰਿੰਦਰਜੀਤ ਸਿੰਘ (MA,B.Ed,PSTET,
M.Phil,UGC NET)

### ਕਾਮਰਸ ਵਿਭਾਗ

ਸ਼੍ਰੀਮਤੀ ਪਰਮਜੀਤ ਕੌਰ
(M.COM,PGDCA,UGC NET)

### ਅੰਗਰੇਜ਼ੀ ਵਿਭਾਗ

ਸ਼੍ਰੀ ਜਸਵਿੰਦਰ ਰੱਲ (MA,UGC NET)

### ਅਰਥ-ਸ਼ਾਸਤਰ ਵਿਭਾਗ

ਸ਼੍ਰੀਮਤੀ ਨੇਹਾ ਰਾਣੀ (MA,UGC NET)

## ਦਫਤਰੀ ਅਮਲਾ

- ਸ਼੍ਰੀ ਸੁਰੇਸ਼ ਕੁਮਾਰ (ਜੂਨੀਅਰ ਸਹਾਇਕ)
- ਮਿਸ ਨਮਰਤਾ (ਦਫਤਰੀ ਸਹਾਇਕ)

# ਕਮੇਟੀਆਂ ਅਤੇ ਸੈੱਲ

1. **ਕਾਲਜ ਕੌਂਸਲ**
   - ਸ਼੍ਰੀਮਤੀ ਗੀਤਾਂਜਲੀ ਸ਼ਰਮਾ ਪ੍ਰਿੰਸੀਪਲ/ DDO
   - ਸ਼੍ਰੀਮਤੀ ਪ੍ਰਿਆ ਬਾਵਾ ਵਾਈਸ ਪ੍ਰਿੰਸੀਪਲ / ਸਟਾਫ ਸਕੱਤਰ
   - ਡਾ. ਬਲਜੀਤ ਕੌਰ
   - ਮਿਸ ਪ੍ਰਿਅੰਕਾ
   - ਸ਼੍ਰੀ ਜਸਵਿੰਦਰ ਰੱਲ
   - ਸ਼੍ਰੀਮਤੀ ਪਰਮਜੀਤ ਕੌਰ
   - ਸ਼੍ਰੀਮਤੀ ਸੋਨੀਆ
   - ਸ਼੍ਰੀ ਹਰਿੰਦਰਜੀਤ ਸਿੰਘ
   - ਸ਼੍ਰੀਮਤੀ ਨੇਹਾ ਰਾਣੀ
2. **ਦਾਖਲਾ ਕਮੇਟੀ**
   - ਡਾ. ਬਲਜੀਤ ਕੌਰ ਕਨਵੀਨਰ
   - ਮਿਸ ਪ੍ਰਿਅੰਕਾ
   - ਸ਼੍ਰੀ ਜਸਵਿੰਦਰ ਰੱਲ
   - ਸ਼੍ਰੀਮਤੀ ਨੇਹਾ ਰਾਣੀ
3. **ਸ਼ਿਕਾਇਤ ਨਿਵਾਰਨ ਕਮੇਟੀ**
   - ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
   - ਡਾ. ਬਲਜੀਤ ਕੌਰ
   - ਸ਼੍ਰੀ ਜਸਵਿੰਦਰ ਰੱਲ
   - ਸ਼੍ਰੀਮਤੀ ਪਰਮਜੀਤ ਕੌਰ
4. **ਯੂਨੀਵਰਸਿਟੀ ਅਤੇ ਘਰੇਲੂ ਪ੍ਰੀਖਿਆਵਾਂ**
   - ਮਿਸ ਪ੍ਰਿਅੰਕਾ ਕੰਟਰੋਲਰ
   - ਨੇਹਾ ਰਾਣੀ
   - ਜਸਵਿੰਦਰ ਰੱਲ
5. **ਕਾਲਜ ਬਰਸਰ**
   - ਸ਼੍ਰੀਮਤੀ ਪ੍ਰਿਆ ਬਾਵਾ
6. **GEM ਪੋਰਟਲ**
   - ਸ਼੍ਰੀਮਤੀ ਪ੍ਰਿਆ ਬਾਵਾ Buying Authority
   - ਮਿਸ ਪ੍ਰਿਅੰਕਾ Paying Authority
7. **ਕਾਲਜ ਮੈਗਜ਼ੀਨ**
   - ਡਾ. ਬਲਜੀਤ ਕੌਰ ਕਨਵੀਨਰ
   - ਮਿਸ ਪ੍ਰਿਅੰਕਾ
   - ਸ਼੍ਰੀ ਹਰਿੰਦਰਜੀਤ ਸਿੰਘ
   - ਸ਼੍ਰੀ ਜਸਵਿੰਦਰ ਰੱਲ
8. **ਯੂਥ ਫੈਸਟੀਵਲ / ਸੱਭਿਆਚਾਰਕ ਸਰਗਮੀਆਂ ਕਮੇਟੀਆਂ**
   - ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
   - ਸ਼੍ਰੀ ਹਰਿੰਦਰਜੀਤ ਸਿੰਘ
   - ਮਿਸ ਪ੍ਰਿਅੰਕਾ
9. **ਕੋਟ ਕੇਸ ਕਮੇਟੀ**
   - ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
   - ਡਾ. ਬਲਜੀਤ ਕੌਰ
   - ਸ਼੍ਰੀ ਸੁਰੇਸ਼ ਕੁਮਾਰ
10. **ਖੇਡ ਕਮੇਟੀ**
    - ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
    - ਸ਼੍ਰੀਮਤੀ ਪਰਮਜੀਤ ਕੌਰ
    - ਸ਼੍ਰੀ ਜਸਵਿੰਦਰ ਰੱਲ

11. **ਯੂਜੀਸੀ ਕਮੇਟੀ**

- ਡਾ. ਬਲਜੀਤ ਕੌਰ ਕਨਵੀਨਰ
- ਸ਼੍ਰੀਮਤੀ ਪ੍ਰਿਆ ਬਾਵਾ
- ਮਿਸ ਪ੍ਰਿਅੰਕਾ
- ਸ਼੍ਰੀਮਤੀ ਪਰਮਜੀਤ ਕੌਰ

12. **IQAC / ਨੈਕ ਕਮੇਟੀ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ
- ਸ਼੍ਰੀ ਜਸਵਿੰਦਰ ਰੱਲ

13. **ਪੀ ਐਮ ਊਸ਼ਾ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ
- ਸ਼੍ਰੀਮਤੀ ਪਰਮਜੀਤ ਕੌਰ

14. **ਬੀ ਸੀ / ਐਸ ਸੀ / ਪੋਸਟ ਮੈਟਰਿਕਸ/ ਸਕਾਲਰਸ਼ਿਪ ਕਮੇਟੀ**

- ਸ਼੍ਰੀ ਜਸਵਿੰਦਰ ਰੱਲ ਕਨਵੀਨਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀ ਸੁਰੇਸ਼ ਕੁਮਾਰ

15. **ਕੰਟੀਨ ਕਮੇਟੀ**

- ਡਾ. ਬਲਜੀਤ ਕੌਰ ਕਨਵੀਨਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਨੇਹਾ ਰਾਣੀ

16. **ਲਾਇਬ੍ਰੇਰੀ ਇੰਚਾਰਜ**

- ਮਿਸ ਪ੍ਰਿਅੰਕਾ
- ਸ਼੍ਰੀਮਤੀ ਨੇਹਾ ਰਾਣੀ

17. **ਵਾਤਾਵਰਨ ਕਮੇਟੀ**

- ਮਿਸ ਪ੍ਰਿਅੰਕਾ ਕਨਵੀਨਰ
- ਡਾ. ਬਲਜੀਤ ਕੌਰ
- ਸ਼੍ਰੀਮਤੀ ਸੋਨੀਆ

18. **ਕਾਲਜ ਦੀ ਸਾਫ ਸਫਾਈ, ਸੁੰਦਰਤਾ, ਲੈਂਡਸਕੇਪਿੰਗ ਅਤੇ ਦੇਖ ਰੇਖ ਕਮੇਟੀ**

- ਸ਼੍ਰੀਮਤੀ ਨੇਹਾ ਰਾਣੀ ਕਨਵੀਨਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਸੋਨੀਆ

19. **ਬੱਡੀ ਗਰੁਪ**

- ਸ਼੍ਰੀਮਤੀ ਸੋਨੀਆ ਕਨਵੀਨਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਪਰਮਜੀਤ ਕੌਰ

20. **ਨਸ਼ਾ ਵਿਰੋਧੀ ਚੇਤਨਾ ਕਮੇਟੀ**

- ਸ਼੍ਰੀ ਹਰਿੰਦਰਜੀਤ ਸਿੰਘ ਕਨਵੀਨਰ
- ਸ਼੍ਰੀਮਤੀ ਸੋਨੀਆ
- ਸ਼੍ਰੀਮਤੀ ਨੇਹਾ ਰਾਣੀ

21. **ਕੰਪਿਊਟਰ ਲੈਬ ਇੰਚਾਰਜ**

- ਮਿਸ ਪ੍ਰਿਅੰਕਾ

22. **ਬਿਲਡਿੰਗ ਕਮੇਟੀ / ਪ੍ਰਾਪਰਟੀ**

- ਡਾ. ਬਲਜੀਤ ਕੌਰ ਕਨਵੀਨਰ
- ਸ਼੍ਰੀਮਤੀ ਨੇਹਾ ਰਾਣੀ
- ਸ਼੍ਰੀਮਤੀ ਸੋਨੀਆ
- ਸ਼੍ਰੀ ਹਰਿੰਦਰਜੀਤ ਸਿੰਘ

23. **ਨਾਮ ਕੱਟਣਾ ਅਤੇ ਰੀ ਐਡਮਿਸ਼ਨ**

- ਸ੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਸ੍ਰੀਮਤੀ ਪਰਮਜੀਤ ਕੌਰ
- ਸ੍ਰੀ ਹਰਿੰਦਰਜੀਤ ਸਿੰਘ
- ਸ੍ਰੀ ਜਸਵਿੰਦਰ ਰੱਲ

24. **ਆਰ ਟੀ ਆਈ ਅਤੇ ਲੋਕ ਸੂਚਨਾ**

- ਸ੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਸ੍ਰੀ ਸੁਰੇਸ਼ ਕੁਮਾਰ

25. **ਬਿਜਲੀ ਅਤੇ ਪੀਣ ਵਾਲੇ ਪਾਣੀ ਸਬੰਧੀ ਕਮੇਟੀ**

- ਸ੍ਰੀ ਹਰਿੰਦਰਜੀਤ ਸਿੰਘ ਕਨਵੀਨਰ
- ਸ੍ਰੀਮਤੀ ਸੋਨੀਆ
- ਸ੍ਰੀਮਤੀ ਨੇਹਾ

26. **ਸੈਕਸ਼ੁਅਲ ਹਰਾਸਮੈਂਟ ਐਂਡ ਜੈਂਡਰ ਸੈਂਸੈਟੇਜੇਸ਼ਨ ਕਮੇਟੀ**

- ਡਾ. ਬਲਜੀਤ ਕੌਰ ਕਨਵੀਨਰ
- ਸ੍ਰੀਮਤੀ ਪਰਮਜੀਤ ਕੌਰ
- ਸ੍ਰੀ ਹਰਿੰਦਰਜੀਤ ਸਿੰਘ
- ਸ੍ਰੀ ਜਸਵਿੰਦਰ ਰੱਲ

27. **ਪ੍ਰੈਸ / ਮੀਡੀਆ ਕਮੇਟੀ**

- ਡਾ. ਬਲਜੀਤ ਕੌਰ ਕਨਵੀਨਰ
- ਸ੍ਰੀ ਹਰਿੰਦਰਜੀਤ ਸਿੰਘ
- ਸ੍ਰੀਮਤੀ ਪਰਮਜੀਤ ਕੌਰ
- ਸ੍ਰੀ ਜਸਵਿੰਦਰ ਰੱਲ

28. **ਮਾਤ ਭਾਸ਼ਾ ਇੰਚਾਰਜ**

- ਸ੍ਰੀ ਹਰਿੰਦਰਜੀਤ ਸਿੰਘ ਕਨਵੀਨਰ

29. **ਵੂਮੈਨ ਸੈਲ**

- ਸ੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਸ੍ਰੀਮਤੀ ਪਰਮਜੀਤ ਕੌਰ

30. **ਰੋਡ ਸੇਫਟੀ ਕਮੇਟੀ**

- ਸ੍ਰੀਮਤੀ ਪਰਮਜੀਤ ਕੌਰ ਕਨਵੀਨਰ
- ਸ੍ਰੀ ਜਸਵਿੰਦਰ ਰੱਲ

31. **ਸਕਿਲ ਡਿਵੈਲਪਮੈਂਟ ਕਮੇਟੀ**

- ਮਿਸ ਪ੍ਰਿਅੰਕਾ ਕਨਵੀਨਰ
- ਸ੍ਰੀਮਤੀ ਪਰਮਜੀਤ ਕੌਰ
- ਸ੍ਰੀਮਤੀ ਨੇਹਾ ਰਾਣੀ

32. **ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈਲ**

- ਡਾ. ਬਲਜੀਤ ਕੌਰ ਕਨਵੀਨਰ
- ਸ੍ਰੀਮਤੀ ਨੇਹਾ ਰਾਣੀ
- ਸ੍ਰੀਮਤੀ ਪਰਮਜੀਤ ਕੌਰ
- ਸ੍ਰੀ ਜਸਵਿੰਦਰ ਰੱਲ

33. **ਵਿਕਲਾਂਗ ਵਿਦਿਆਰਥੀਆਂ ਦੀ ਸਹੂਲਤ ਸਬੰਧੀ ਕਮੇਟੀ**

- ਸ੍ਰੀ ਹਰਿੰਦਰਜੀਤ ਸਿੰਘ ਕਨਵੀਨਰ
- ਸ੍ਰੀਮਤੀ ਸੋਨੀਆ

34. **ਫੋਟੋ ਸਟੇਟ ਮਸ਼ੀਨ / ਕੰਪਿਊਟਰ / ਪ੍ਰਿੰਟਰ ਆਦਿ ਦੀ ਰਿਪੇਅਰ ਸਬੰਧੀ ਕਮੇਟੀ**

- ਮਿਸ ਪ੍ਰਿਅੰਕਾ ਕਨਵੀਨਰ
- ਸ੍ਰੀ ਜਸਵਿੰਦਰ ਰੱਲ
- ਸ੍ਰੀਮਤੀ ਨੇਹਾ ਰਾਣੀ
- ਸ੍ਰੀ ਹਰਿੰਦਰਜੀਤ ਸਿੰਘ

35. **AISHE ਪੋਰਟਲ ਇੰਚਾਰਜ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ

36. **ਸਟੂਡੈਂਟ ਕੌਂਸਲ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਸ਼੍ਰੀਮਤੀ ਪਰਮਜੀਤ ਕੌਰ
- ਡਾ. ਬਲਜੀਤ ਕੌਰ

37. **ਕਾਲਜ ਵੈਬਸਾਈਟ ਕਮੇਟੀ**

- ਸ਼੍ਰੀਮਤੀ ਪ੍ਰਿਅੰਕਾ ਕਨਵੀਨਰ
- ਸ਼੍ਰੀ ਜਸਵਿੰਦਰ ਰੱਲ

38. **ਜਗਤ ਗੁਰੂ ਨਾਨਕ ਦੇਵ ਓਪਨ ਸਟੇਟ ਯੂਨੀਵਰਸਿਟੀ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਮਿਸ ਪ੍ਰਿਅੰਕਾ
- ਸ਼੍ਰੀਮਤੀ ਪਰਮਜੀਤ ਕੌਰ

39. **ਸੀਐਮ ਸਕਾਲਰਸ਼ਿਪ**

- ਡਾ. ਬਲਜੀਤ ਕੌਰ ਕਨਵੀਨਰ
- ਸ਼੍ਰੀਮਤੀ ਨੇਹਾ ਰਾਣੀ
- ਸ਼੍ਰੀ ਹਰਿੰਦਰਜੀਤ ਸਿੰਘ

40. **HE 24, HE 25**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ
- ਸ਼੍ਰੀ ਜਸਵਿੰਦਰ ਰੱਲ

41. **NEP ਕਮੇਟੀ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ
- ਸ਼੍ਰੀਮਤੀ ਨੇਹਾ ਰਾਣੀ

42. **CCTV ਕਮੇਟੀ**

- ਮਿਸ ਪ੍ਰਿਅੰਕਾ ਕਨਵੀਨਰ
- ਸ਼੍ਰੀਮਤੀ ਪਰਮਜੀਤ ਕੌਰ
- ਸ਼੍ਰੀ ਜਸਵਿੰਦਰ ਰੱਲ

43. **ਐਲੂਮੀਨੀ ਕਮੇਟੀ**

- ਸ਼੍ਰੀਮਤੀ ਸੋਨੀਆ ਕਨਵੀਨਰ
- ਸ਼੍ਰੀਮਤੀ ਪਰਮਜੀਤ ਕੌਰ
- ਸ਼੍ਰੀ ਹਰਿੰਦਰਜੀਤ ਸਿੰਘ

44. **ਇੰਸਟੀਊਟ ਇੰਨੋਵੇਸ਼ਨ ਕੋਨਸਲ IIC**

- ਸ਼੍ਰੀਮਤੀ ਗੀਤਾਂਜਲੀ ਸ਼ਰਮਾ President
- ਸ਼੍ਰੀਮਤੀ ਪ੍ਰਿਆ ਬਾਵਾ Vice President
- ਮਿਸ ਪ੍ਰਿਅੰਕਾ Convener
- ਡਾ. ਬਲਜੀਤ ਕੌਰ Social Media In charge
- ਸ਼੍ਰੀਮਤੀ ਨੇਹਾ ਰਾਣੀ Innovation Activity Coordinator
- ਸ਼੍ਰੀ ਜਸਵਿੰਦਰ ਰੱਲ Start-up Activity Coordinator
- ਸ਼੍ਰੀਮਤੀ ਪਰਮਜੀਤ ਕੌਰ Internship Activity Coordinator
- ਸ਼੍ਰੀਮਤੀ ਸੋਨੀਆ IPR Coordinator
- ਸ਼੍ਰੀ ਹਰਿੰਦਰਜੀਤ ਸਿੰਘ NIRFCoordinator

45. **ABC ID ਕਮੇਟੀ**

- ਮਿਸ ਪ੍ਰਿਅੰਕਾ ਕਨਵੀਨਰ
- ਬੀਏ ਭਾਗ ਪਹਿਲਾ ਸ਼੍ਰੀ ਜਸਵਿੰਦਰ ਰੱਲ
- ਬੀਏ ਭਾਗ ਦੂਜਾ ਸ਼੍ਰੀਮਤੀ ਸੋਨੀਆ
- ਬੀਏ ਭਾਗ ਤੀਜਾ ਡਾ. ਬਲਜੀਤ ਕੌਰ
- ਬੀ ਕਾਮ ਭਾਗ ਪਹਿਲਾ ਸ਼੍ਰੀਮਤੀ ਪਰਮਜੀਤ ਕੌਰ
- ਬੀ ਕਾਮ ਭਾਗ ਦੂਜਾ ਸ਼੍ਰੀਮਤੀ ਨੇਹਾ ਰਾਣੀ
- ਬੀ ਕਾਮ ਭਾਗ ਤੀਜਾ ਸ਼੍ਰੀ ਹਰਿੰਦਰਜੀਤ ਸਿੰਘ
- Jagat guru Students ਮਿਸ ਪ੍ਰਿਅੰਕਾ

46. **Mental Health / Physical Health ਕਮੇਟੀ**

- ਸ਼੍ਰੀਮਤੀ ਪ੍ਰਿਆ ਬਾਵਾ ਕਨਵੀਨਰ
- ਡਾ. ਬਲਜੀਤ ਕੌਰ
- ਸ਼੍ਰੀਮਤੀ ਨੇਹਾ ਰਾਣੀ
- ਸ਼੍ਰੀ ਜਸਵਿੰਦਰ ਰੱਲ

47. **ਖਰੀਦ ਕਮੇਟੀ**

- ਸ਼੍ਰੀਮਤੀ ਗੀਤਾਂਜਲੀ ਸ਼ਰਮਾ ਪ੍ਰਿੰਸੀਪਲ
- ਸ਼੍ਰੀਮਤੀ ਪ੍ਰਿਆ ਬਾਵਾ ਬਰਸਰ
- ਡਾ. ਬਲਜੀਤ ਕੌਰ
- ਮਿਸ ਪ੍ਰਿਅੰਕਾ
- ਸ਼੍ਰੀ ਜਸਵਿੰਦਰ ਰੱਲ੍ਹ
- ਸ਼੍ਰੀਮਤੀ ਪਰਮਜੀਤ ਕੌਰ
- ਸ਼੍ਰੀਮਤੀ ਸੋਨੀਆ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਨੇਹਾ ਰਾਣੀ

48. **NSS ਕਮੇਟੀ**

- ਸ਼੍ਰੀਮਤੀ ਸੋਨੀਆ ਪ੍ਰੋਗਰਾਮ ਅਫ਼ਸਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਨੇਹਾ ਰਾਣੀ
- ਸ਼੍ਰੀ ਜਸਵਿੰਦਰ ਰੱਲ

49. **ਏਕ ਭਾਰਤ ਸ਼੍ਰੇਸ਼ਠ ਭਾਰਤ**

- ਸ਼੍ਰੀਮਤੀ ਨੇਹਾ ਰਾਣੀ ਪ੍ਰੋਗਰਾਮ ਅਫ਼ਸਰ
- ਸ਼੍ਰੀ ਹਰਿੰਦਰਜੀਤ ਸਿੰਘ
- ਸ਼੍ਰੀਮਤੀ ਸੋਨੀਆ
- ਸ਼੍ਰੀ ਜਸਵਿੰਦਰ ਰੱਲ

# ਸਮੈਸਟਰ ਪ੍ਰਣਾਲੀ ਅਧੀਨ ਉਪਲੱਬਧ ਕੋਰਸ

## ਤਿੰਨ ਸਾਲਾ ਅੰਡਰ-ਗ੍ਰੈਜੂਏਟ ਕੋਰਸ/Three Years Under Graduate

| | | |
|---|---|---|
| ▪ ਬੀ.ਏ(ਰੈਗੁਲਰ) | **B.A (Regular)** | **160 ਸੀਟਾਂ** |
| ▪ ਬੀ.ਕਾਮ(ਰੈਗੁਲਰ) | **B.COM (Regular)** | **80ਸੀਟਾਂ** |

## ਪੋਸਟ-ਗ੍ਰੈਜੂਏਟ ਕੋਰਸ/Post Graduate Course

- **ਐੱਮ.ਕਾਮ M.Com (Distance Learning)**
  **Affilated to Jagat Guru Nanak Punjab State Open University**

## ਕਿੱਤਾ ਮੁਖੀ ਕੋਰਸ (Job Oriented Course)

- **ਕੰਪਿਊਟਰ ਐਪਲੀਕੇਸ਼ਨ ਵਿੱਚ ਸਰਟੀਫੀਕੇਟ ਕੋਰਸ**

  **Certificate Course in Computer Application**
- **ਕੰਪਿਊਟਰ ਐਪਲੀਕੇਸ਼ਨ ਵਿੱਚ ਡਿਪਲੋਮਾ**

  **Diploma in Computer Application**

# ਦਾਖਲੇ ਲਈ ਯੋਗਤਾ ਅਤੇ ਵਿਸ਼ਿਆਂ ਦਾ ਵੇਰਵਾ

## ਤਿੰਨ ਸਾਲਾ ਅੰਡਰ-ਗ੍ਰੈਜੂਏਟ ਕੋਰਸ/Three Years Under Graduate Courses

### ਬੀ.ਏ (Bachelor of Arts)

ਕੁੱਲ ਸੀਟਾਂ:-180

## ਦਾਖਲੇ ਲਈ ਯੋਗਤਾ-

- ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਿਸੇ ਵੀ ਸਟਰੀਮ ਵਿੱਚ 10+2 ਜਾਂ ਉਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਘੱਟੋ -ਘੱਟ 40% ਅੰਕਾਂ ਨਾਲ ਪਾਸ ਕੀਤਾ ਹੋਵੇ।
- +2 ਵਿੱਚ ਰੀ-ਅਪੀਅਰ ਵਾਲੇ ਉਮੀਦਵਾਰਾਂ ਨੂੰ ਦਾਖਲਾ ਨਹੀਂ ਮਿਲੇਗਾ।
- ਦਾਖਲਾ ਮੈਰਿਟ ਅਤੇ ਨਿਯਮਾਂ ਦੇ ਅਧਾਰ ਤੇ ਹੋਵੇਗਾ।

## ਪੜ੍ਹਾਏ ਜਾਣ ਵਾਲੇ ਵਿਸ਼ੇ ਅਤੇ ਪੇਪਰਾਂ ਦਾ ਵੇਰਵਾ-

**ਲਾਜ਼ਮੀ ਵਿਸ਼ੇ:** 1.ਅੰਗਰੇਜ਼ੀ ਲਾਜ਼ਮੀ 2.ਪੰਜਾਬੀ ਲਾਜ਼ਮੀ ਜਾਂ ਪੰਜਾਬੀ ਮੁੱਢਲਾ ਗਿਆਨ

**ਚੋਣਵੇਂ ਵਿਸ਼ੇ:** ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਤਿੰਨ ਚੋਣਵੇਂ ਵਿਸ਼ੇ ਵੀ ਲਵੇਗਾ। ਇਸ ਲਈ

**ਹੇਠ ਲਿਖੇ ਗਰੁੱਪਾਂ ਵਿੱਚੋਂ ਕੋਈ ਤਿੰਨ ਗਰੁੱਪ ਚੁਣੋ ਅਤੇ ਹਰੇਕ ਗਰੁੱਪ ਵਿੱਚੋਂ ਇੱਕ ਵਿਸ਼ਾ ਚੁਣੋ।**

**ਗਰੁੱਪ** 1: ਇਲੈਕਟਿਵ ਪੰਜਾਬੀ / ਇਲੈਕਟਿਵ ਇੰਗਲਿਸ਼

**ਗਰੁੱਪ** 2: ਅਰਥ ਸ਼ਾਸ਼ਤਰ (Economics)

**ਗਰੁੱਪ** 3 : ਰਾਜਨੀਤੀ ਸ਼ਾਸ਼ਤਰ (Political Science)

**ਗਰੁੱਪ** 4 : ਲੋਕ ਪ੍ਰਸ਼ਾਸ਼ਨ (Public Admn.)/ ਸਰੀਰਕ ਸਿੱਖਿਆ (Phy. Eduation)/ **ਕੰਪੀਊਟਰ ਸਾਇੰਸ** Computer Science

**ਗਰੁੱਪ** 5 : ਇਤਿਹਾਸ (History)

***ਬੀ.ਏ ਭਾਗ ਦੂਜਾ ਅਤੇ ਬੀ.ਏ ਭਾਗ ਤੀਜਾ ਵਿੱਚ ਵੀ ਪਹਿਲੇ ਭਾਗ ਵਾਲੇ ਵਿਸ਼ੇ ਹੀ ਰਹਿਣਗੇ।**

ਜ਼ਰੂਰੀ ਨੋਟ:-

- ਭਾਗ ਪਹਿਲਾ ਵਿੱਚ Drug abuse:Problem,Management and Prevention ਅਤੇ ਭਾਗ ਦੂਜਾ ਵਿੱਚ Environment and Road Safety Awareness ਦੇ ਪੇਪਰ ਪਾਸ ਕਰਨੇ ਜ਼ਰੂਰੀ ਹਨ।
- ਨਵੀਂ ਵਿੱਦਿਅਕ ਨੀਤੀ ਦੇ ਤਹਿਤ ਕਾਲਜ ਵੱਲੋਂ Skill Enhancment ਦੇ ਤਹਿਤ ਅਰਥ-ਸ਼ਾਸਤਰ ਵਿਸ਼ਾ ਚੁਣਿਆ ਗਿਆ ਹੈ,ਜਿਸ ਲਈ ਬੀ.ਏ ਸਮੈਸਟਰ ਪਹਿਲਾ ਅਤੇ ਚੌਥਾ ਦੇ ਵਿਦਿਆਰਥੀਆਂ ਨੂੰ ਕ੍ਰਮਵਾਰ Computer Applications for Economists-I (Theory and Practical) ਅਤੇ Computer Applications for Economists-II (Theory and Practical) ਪਾਸ ਕਰਨੇ ਜ਼ਰੂਰੀ ਹਨ।

# ਬੀ.ਕਾਮ (Bachelor of Commerce)

ਕੁੱਲ ਸੀਟਾਂ:-80

## ਦਾਖਲੇ ਲਈ ਯੋਗਤਾ-

- ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਾਮਰਸ ਸਟਰੀਮ ਵਿੱਚ 10+2 ਜਾਂ ਉਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਘੱਟੋ -ਘੱਟ 40% ਅੰਕਾਂ ਨਾਲ ਪਾਸ ਕੀਤਾ ਹੋਵੇ।
- +2 ਵਿੱਚ ਰੀ-ਅਪੀਅਰ ਵਾਲੇ ਉਮੀਦਵਾਰਾਂ ਨੂੰ ਦਾਖਲਾ ਨਹੀਂ ਮਿਲੇਗਾ।
- ਦਾਖਲਾ ਮੈਰਿਟ ਅਤੇ ਨਿਯਮਾਂ ਦੇ ਅਧਾਰ ਤੇ ਹੋਵੇਗਾ।

## ਪੜ੍ਹਾਏ ਜਾਣ ਵਾਲੇ ਵਿਸ਼ੇ ਅਤੇ ਪੇਪਰਾਂ ਦਾ ਵੇਰਵਾ-

### ਸਮੈਸਟਰ ਪਹਿਲਾ (Semester-I)

| MULTIDISCIPLINARY COURSE |
|---|
| Appreciating English Literature -1 |
| **COMPULSORY COURSE** |
| Punjabi (Compulsory)ਪੰਜਾਬੀ (ਲਾਜ਼ਮੀ-I)/ਮੁੱਢਲੀ ਪੰਜਾਬੀ-I<br>Punjab History & Culture (From Earliest Times to C320)<br>(Special Paper in Lieu of Punjabi Compulsory) |
| **DISCILINE SPECIFIC COURSE** |
| Financial Accounting |
| Business Organisation |
| Business Statistics |
| **SKILL ENHANCEMENT COURSE** |
| Computer Applications in Business (Theory) |
| Computer Applications in Business (Practical) |

### ਸਮੈਸਟਰ ਦੂਜਾ (Semester-II)

| ABILITY ENHANCEMENT COURSE |
|---|
| English Language Skills-I |
| **COMPULSORY COURSE** |
| Punjabi (Compulsory)/ਪੰਜਾਬੀ (ਲਾਜ਼ਮੀ)-2 ,ਮੁੱਢਲੀ ਪੰਜਾਬੀ-2<br>Punjab History & Culture (C.320 to 1000 A.D)<br>(Special Paper in Lieu of Punjabi Compulsory) |
| **DISCIPINE SPECIFIC COURSE** |
| Advanced Financial Accounting |
| Commercial Law |
| Business Economics |
| **VALUE ADDED COURSE** |
| Drug Abuse:Problem,Management and Prevention (Value Added Course) |

## ਸਮੈਸਟਰ ਤੀਜਾ (Semester-III)

| MULTIDISCIPLINARY COURSE |
|---|
| Appeciating English Literature-2 |
| **COMPULSORY COURSE** |
| Punjabi (Compulsory)/ਪੰਜਾਬੀ (ਲਾਜ਼ਮੀ)-2 ,ਮੁੱਢਲੀ ਪੰਜਾਬੀ-2<br>Punjab History & Culture (C.320 to 1000 A.D)<br>(Special Paper in Lieu of Punjabi Compulsory) |
| **DISCIPLINE SPECIFIC COURSE** |
| Corporate Accounting |
| Company Law |
| Functional Management |
| **SKILL ENHANCEMENT COURSE** |
| Computer Based Accounting |

## ਸਮੈਸਟਰ ਚੌਥਾ (Semester-IV)

| ABILITY ENHANCEMENT COURSE |
|---|
| English Language Skill-II |
| **COMPULSORY COURSE** |
| Punjabi (Compulsory)/ਪੰਜਾਬੀ (ਲਾਜ਼ਮੀ)-2 ,ਮੁੱਢਲੀ ਪੰਜਾਬੀ-2<br>Punjab History & Culture (C.320 to 1000 A.D)<br>(Special Paper in Lieu of Punjabi Compulsory) |
| **DISCIPLINE SPECIFIC COURSE** |
| Goods and Service Tax |
| Principle and Practices of Auditing |
| Cost Accounting |
| **VALUE ADDED COURSE** |
| Enviormental Studies |

## ਸਮੈਸਟਰ ਪੰਜਵਾਂ (Semester-V)

1. English Compulsory
2. Punjabi Compulsory/Punjabi Mudhla Gyan
3. Management  Accounting
4. Direct Tax Law
5. Auditing
6. Banking Serive Management
7. Insurance Service Management

## ਸਮੈਸਟਰ ਛੇਵਾਂ (Semester-VI)

1. English Compulsory
2. Punjabi Compulsory/Punjabi Mudhla Gyan
3. Opertional Research
4. Corporate Governance
5. Foreign Exchange Management
6. Risk Management and Insurance
7. Workshop

**ਜ਼ਰੂਰੀ ਨੋਟ:-**

- ਭਾਗ ਪਹਿਲਾ ਵਿੱਚ Drug abuse:Problem,Management and Prevention ਅਤੇ ਭਾਗ ਦੂਜਾ ਵਿੱਚ Environment studies ਦੇ ਪੇਪਰ ਪਾਸ ਕਰਨੇ ਜ਼ਰੂਰੀ ਹਨ।

# ਦਾਖਲੇ ਸਬੰਧੀ ਜ਼ਰੂਰੀ ਹਦਾਇਤਾਂ

- **ਬੀ.ਏ-1, ਬੀ.ਕਾਮ-1 (ਸਮੈਸਟਰ ਪ੍ਰਣਾਲੀ) ਅਤੇ ਹੋਰ ਕੀਤਾ ਮੁਖੀ ਕੋਰਸਾਂ ਦੇ ਪਹਿਲੇ ਸਾਲ ਦੇ ਦਾਖ਼ਲੇ ਲਈ ਉਮੀਦਵਾਰ ਪੰਜਾਬ ਸਰਕਾਰ ਦੇ ਪੋਰਟਲ http://admission.punjab.gov.in ਉੱਤੇ ਦਿੱਤੇ ਗਏ ਦਾਖ਼ਲਾ ਸ਼ਡਿਊਲ ਅਨੁਸਾਰ ਆਨ ਲਾਈਨ ਅਪਲਾਈ ਕਰਨਗੇ।**

- ਫ਼ਾਰਮ ਭਰਨ ਤੋਂ ਪਹਿਲਾਂ ਕਾਲਜ / ਪੰਜਾਬ ਸਰਕਾਰ ਦੇ ਪੋਰਟਲ ਤੇ ਹਦਾਇਤਾਂ ਬਹੁਤ ਧਿਆਨ ਨਾਲ ਪੜ੍ਹੀਆਂ ਜਾਣ ਅਤੇ ਕਾਲਜ ਦਾ ਪ੍ਰਾਸਪੈਕਟ ਚੰਗੀ ਤਰ੍ਹਾਂ ਪੜ੍ਹਿਆ ਜਾਵੇ।

- ਆਨ ਲਾਈਨ ਅਪਲਾਈ ਕਰਨ ਉਪਰੰਤ ਉਮੀਦਵਾਰ ਦੁਆਰਾ ਦਿੱਤੇ ਨੰਬਰ ਤੇ ਲਾਗ-ਇਨ ਆਈ ਡੀ ਅਤੇ ਪਾਸਵਰਡ ਉਪਲਬਧ ਹੋ ਜਾਵੇਗਾ।ਇਸਨੂੰ ਸੁਰੱਖਿਅਤ ਅਤੇ ਗੁਪਤ ਰੱਖੋ। ਇਹ ਲਾਗ-ਇਨ ਆਈ ਡੀ ਅਤੇ ਪਾਸਵਰਡ ਦਾਖ਼ਲਾ ਫ਼ਾਰਮ ਭਰਨ ਦੀ ਸਾਰੀ ਅਗਲੀ ਪ੍ਰਕ੍ਰਿਆ ਲਈ ਅਤੇ ਆਉਣ ਵਾਲੇ ਸਾਰੇ ਸਾਲਾਂ ਲਈ ਤੁਹਾਨੂੰ ਅਤਿ-ਜ਼ਰੂਰੀ ਅਤੇ ਲੋੜੀਂਦਾ ਹੈ।ਫ਼ਾਰਮ ਭਰਨ ਸਮੇਂ ਦਿੱਤਾ ਗਿਆ ਮੋਬਾਇਲ ਨੰਬਰ ਅਤੇ ਈ.ਮੇਲ ਆਈ ਡੀ ਉਮੀਦਵਾਰ ਦਾ ਆਪਣਾ ਹੋਵੇ ਅਤੇ ਇਹ ਨੰਬਰ ਅਤੇ ਆਈ ਡੀ ਜਦੋਂ ਤੱਕ ਪੜ੍ਹਾਈ ਜਾਰੀ ਰੱਖੋਗੇ, ਚੱਲਦਾ ਰਹਿਣਾ ਚਾਹੀਦਾ ਹੈ।

## ✓ ਦਾਖ਼ਲਾ ਲੈਣ ਲਈ ਅਪਲੋਡ ਕਰਨ ਵਾਲੇ ਦਸਤਾਵੇਜ਼ਾਂ ਦੀ ਸੂਚੀ

1. **ਮੈਟ੍ਰਿਕ ਦੇ ਸਰਟੀਫਿਕੇਟ ਦੀ ਕਾਪੀ**
2. **10+2 ਦੇ ਡਿਟੇਲ ਮਾਰਕਸ ਸਰਟੀਫਿਕੇਟ ਦੀ ਕਾਪੀ**
3. **ਮਾਈਗ੍ਰੇਸ਼ਨ ਸਰਟੀਫਿਕੇਟ (ਸਿਰਫ ਸੀ. ਬੀ. ਐੱਸ. ਈ. ਅਤੇ ਬਾਹਰਲੇ ਬੋਰਡਾਂ ਦੇ ਲਈ)**
4. **ਉਮੀਦਵਾਰ ਦੇ ਆਧਾਰ ਕਾਰਡ ਦੀ ਕਾਪੀ**
5. **ਉਮੀਦਵਾਰ ਦੇ ਵੋਟਰ ਕਾਰਡ ਦੀ ਕਾਪੀ**
6. **ਪਿਛਲੇ ਸਕੂਲ ਮੁਖੀ ਤੋਂ ਜਾਰੀ ਆਚਰਣ ਸਰਟੀਫਿਕੇਟ ( ਰੈਗੂਲਰ ਵਿਦਿਆਰਥੀਆਂ ਲਈ)**
7. **ਪਿੰਡ ਦੇ ਸਰਪੰਚ ਜਾਂ ਐੱਮ ਸੀ ਤੋਂ ਜਾਰੀ ਆਚਰਣ ਸਰਟੀਫਿਕੇਟ (ਪ੍ਰਾਈਵੇਟ ਲਈ)**
8. **ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਸਬੰਧਿਤ ਕੈਟਾਗਰੀ ਦੇ ਸਰਟੀਫਿਕੇਟ ਦੀ ਕਾਪੀ**
9. **ਸਪੋਰਟਸ ਕੈਟਾਗਰੀ ਲਈ ਡਾਇਰੈਕਟਰ ਸਪੋਰਟਸ ਵੱਲੋਂ ਜਾਰੀ ਗ੍ਰੇਡੇਸ਼ਨ ਸਰਟੀਫਿਕੇਟ**
10. **ਉਮੀਦਵਾਰ ਦੇ ਆਧਾਰ-ਲਿੰਕਡ ਬੈਂਕ ਅਕਾਊਂਟ ਦੇ ਪਹਿਲੇ ਪੇਜ ਦੀ ਕਾਪੀ**
11. **ਅਪਲੋਡ ਕੀਤੇ ਦਸਤਾਵੇਜ ਸਾਫ਼, ਸਪੱਸ਼ਟ ਅਤੇ ਪੂਰੇ ਸਕੈਨ ਕੀਤੇ ਹੋਣੇ ਚਾਹੀਦੇ ਹਨ।**

- ਉਮੀਦਵਾਰ/ ਮਾਪਿਆਂ/ ਸਰਪ੍ਰਸਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਾਤਰਤਾ (Eligibility) ਬਾਰੇ ਪਹਿਲਾਂ ਹੀ ਦਫ਼ਤਰ ਤੋਂ ਪੁੱਛ-ਗਿੱਛ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਬਾਅਦ ਵਿੱਚ ਦਾਖ਼ਲੇ ਤੋਂ ਨਕਾਰਨ ਅਤੇ ਹੋਰ ਦਿੱਕਤਾਂ ਤੋਂ ਬਚਿਆ ਜਾ ਸਕੇ।

· ਸਾਰੇ ਦਾਖ਼ਲੇ ਆਰਜ਼ੀ ਰੂਪ ਵਿੱਚ ਕੀਤੇ ਜਾਣਗੇ ਜੋ ਕਿ ਯੂਨੀਵਰਸਿਟੀ ਵੱਲੋਂ ਅੰਤਿਮ ਪ੍ਰਵਾਨਗੀ ਮਿਲਣ ਤੇ ਹੀ ਪੱਕੇ ਹੋਣਗੇ।

· ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੇ ਦਾਖ਼ਲੇ ਦੀ ਪ੍ਰਵਾਨਗੀ ਨਹੀਂ ਭੇਜਦੀ ਤਾਂ ਭਾਵੇਂ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਕੋਈ ਵੀ ਹੋਵੇ, ਇਸ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

· ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਨੂੰ ਛੱਡ ਕੇ ਦੂਜੇ ਬੋਰਡਾਂ ਤੋਂ ਪਾਸ ਕੀਤੀ ਹੈ ਉਹਨਾਂ ਉਮੀਦਵਾਰਾਂ ਲਈ ਦਾਖ਼ਲਾ ਲੈਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਰਜਿਸਟਰੇਸ਼ਨ ਬ੍ਰਾਂਚ ਤੋਂ ਪਾਤਰਤਾ ਸਰਟੀਫ਼ਿਕੇਟ( Eligibility Certificate) ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।ਪਾਤਰਤਾ ਸਰਟੀਫ਼ਿਕੇਟ ਲਏ ਬਿਨ੍ਹਾਂ ਕੀਤੇ ਗਏ ਦਾਖ਼ਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾਵੇਗੀ।

· ਜਿਹੜੇ ਵਿਦਿਆਰਥੀ ਪਿਛਲੀ ਪ੍ਰੀਖਿਆ ਸੀ. ਬੀ. ਐੱਸ. ਈ., ਜਾਂ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਇਸ ਕਾਲਜ ਵਿੱਚ ਨਵਾਂ ਦਾਖ਼ਲਾ ਲੈਂਦੇ ਹਨ ਉਹ ਵਿਦਿਅਰਥੀ ਆਪਣੇ ਸਬੰਧਤ ਬੋਰਡ /ਯੂਨੀਵਰਸਿਟੀ ਦਾ ਅਸਲ ਮਾਈਗ੍ਰੇਸ਼ਨ ਸਰਟੀਫ਼ਿਕੇਟ ਅਤੇ ਅਸਲ ਡਿਟੇਲ ਮਾਰਕਸ ਕਾਰਡ ਦਾਖਲਾ ਲੈਣ ਸਮੇਂ ਜਮ੍ਹਾਂ ਕਰਵਾਉਣਗੇ। ਇਹ ਅਸਲ ਦਸਤਾਵੇਜ ਯੂਨੀਵਰਸਿਟੀ ਨੂੰ ਰਜਿਸਟ੍ਰੇਸ਼ਨ ਹਿਤ ਭੇਜੇ ਜਾਣਗੇ। ਯੂਨੀਵਰਸਿਟੀ ਤੋਂ ਵਾਪਸ ਆਉਣ ਤੋਂ ਬਾਅਦ ਕਾਲਜ ਤੋਂ ਆਪਣੇ ਦਸਤਾਵੇਜ਼ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ। ਇਸ ਲਈ ਕਾਲਜ ਦਫ਼ਤਰ ਨਾਲ ਸੰਪਰਕ ਰੱਖਿਆ ਜਾਵੇ।

· ਜਿਹੜੇ ਵਿਦਿਆਰਥੀ ਪਿਛਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਦਾਖ਼ਲਾ ਲੈਂਦੇ ਹਨ,ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਉਦੋਂ ਤੱਕ ਆਰਜ਼ੀ ਰਹੇਗਾ ਜਦੋਂ ਤੱਕ ਉਨ੍ਹਾਂ ਦੇ ਸਬੰਧਤ ਬੋਰਡ/ ਯੂਨੀਵਰਸਿਟੀ ਵੱਲੋਂ ਅਸਲ ਦਸਤਾਵੇਜ਼ ਵੈਰੀਫਾਈ ਹੋ ਕੇ ਨਹੀਂ ਆਉਂਦੇ।

· ਸਬੰਧਿਤ ਜਮਾਤ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ ਸਾਰੇ ਨਿਯਮਾਂ / ਸ਼ਰਤਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।

· ਸਾਰੀਆਂ ਕਲਾਸਾਂ ਦੇ ਦਾਖ਼ਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਕਾਲਜ ਵੱਲੋਂ ਜਾਰੀ ਆਰਡੀਨੈਂਸਾਂ ਅਨੁਸਾਰ ਹੋਣਗੇ।

· ਗੈਪ ਅਤੇ ਫੇਲ੍ਹ ਵਿਦਿਆਰਥੀਆਂ ਨੂੰ ਦਾਖ਼ਲਾ ਯੂਨੀਵਰਸਿਟੀ ਨਿਯਮਾਂ ਅਤੇ ਹਲਫੀਆ ਬਿਆਨ ਦੇ ਆਧਾਰ ਤੇ ਦਿੱਤਾ ਜਾਵੇਗਾ।ਇਸ ਸਬੰਧੀ ਝੂਠੇ ਹਲਫੀਆਂ ਬਿਆਨ ਦੇ ਆਧਾਰ ਤੇ ਲਿਆ ਗਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

- ਰਾਖਵੀਆਂ ਸੀਟਾਂ ਲਈ ਦਾਖ਼ਲਾ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਹੋਵੇਗਾ।

# ਰੀਜ਼ਰਵੇਸ਼ਨ ਪਾਲਿਸੀ

ਪੰਜਾਬ ਸਰਕਾਰ/ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਦੇ ਆਦੇਸ਼ਾਂ ਅਤੇ ਨਿਰਦੇਸ਼ਾਂ ਅਨੁਸਾਰ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਰਾਖ਼ਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ। ਇਸ ਵਿੱਚ ਹੋਣ ਵਾਲੀ ਕੋਈ ਵੀ ਤਬਦੀਲੀ ਪੰਜਾਬ ਸਰਕਾਰ/ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀਆਂ ਹਦਾਇਤਾਂ ਅਨੁਸਾਰ ਮੰਨਣਯੋਗ ਹੋਵੇਗੀ:-

| ਲੜੀ ਨੰਬਰ | ਕੈਟਾਗਰੀ | ਪ੍ਰਤੀਸ਼ਤ |
|---|---|---|
| 1 | ਜਨਰਲ | 52% |
| 2 | ਅਨੁਸੂਚਿਤ ਜਾਤੀ | 20% |
| 3 | ਬੀ ਸੀ | 8% |
| 4 | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਜਨਰਲ | 7% |
| 5 | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਐੱਸ.ਸੀ. | 4% |
| 6 | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਬੀ.ਸੀ. | 2% |
| 7 | ਫਰੀਡਮ ਫਾਈਟਰ | 1% |
| 8 | ਦਿਵਿਆਂਗ | 3% |
| 9 | ਸਪੋਰਟਸ (ਜਨਰਲ) | 2% |
| 10 | ਸਪੋਰਟਸ (ਐੱਸ.ਸੀ.) | 1% |

ਇਨ੍ਹਾਂ ਕੈਟਾਗਰੀਆਂ ਦੀ ਅੱਗੇ ਵੰਡ ਲਈ ਵੇਖੋ ਪੱਤਰ ਨੰਬਰ HED-EDU10M.L/16/2021-3edu-PART(1)/1824 ਮਿਤੀ 17.08.21

· ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਰੈਗਿੰਗ ਕਰਨਾ ਜਾਂ ਉਸ ਵਿੱਚ ਭਾਗ ਲੈਣਾ ਕਾਨੂੰਨੀ ਜ਼ੁਰਮ ਹੈ।ਕਾਲਜ ਵਿੱਚ ਨਵਾਂ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਵੱਲੋਂ ਵੈੱਬਸਾਈਟ www.antiragging.in ਉੱਤੇ ਆਨਲਾਈਨ ਹਲਫਨਾਮਾ ਅਪਲਾਈ ਕਰਨਾ ਅਤੇ ਇਸ ਹਲਫ਼ਨਾਮੇ ਦੀ ਕਾਪੀ ਆਪਣੇ ਅਤੇ ਆਪਣੇ ਮਾਤਾ/ਪਿਤਾ ਦੇ ਹਸਤਾਖ਼ਰਾਂ ਸਹਿਤ ਕਾਲਜ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।ਇਸ ਤੋਂ ਬਿਨ੍ਹਾਂ ਵਿਦਿਆਰਥੀ ਦਾ ਦਾਖ਼ਲਾ ਪੂਰਨ ਨਹੀਂ ਮੰਨਿਆ ਜਾਵੇਗਾ।

# ਦਾਖਲੇ ਸਬੰਧੀ ਨਿਯਮ ਅਤੇ ਸ਼ਡਿਊਲ

ਦਾਖ਼ਲਾ ਫ਼ੀਸ ਦੀ ਅਦਾਇਗੀ ਵਿਦਿਆਰਥੀਆਂ ਦੁਆਰਾ ਖੁਦ ਜਾਂ ਆਪਣੇ ਪਰਿਵਾਰ ਦੇ ਨਾਲ ਕਾਲਜ ਆ ਕੇ ਕਰਵਾਉਣੀ ਪਵੇਗੀ।

· ਵਿਦਿਆਰਥੀਆਂ ਤੋਂ ਫ਼ੀਸ ਅਤੇ ਫੰਡ ਪੰਜਾਬ ਸਰਕਾਰ / ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਦਰ ਅਨੁਸਾਰ ਵਸੂਲੇ ਜਾਣਗੇ।

ਸਰਕਾਰ ਅਤੇ ਯੂਨੀਵਰਸਿਟੀਆਂ ਦੀਆਂ ਹਦਾਇਤਾਂ ਅਨੁਸਾਰ ਫ਼ੀਸਾਂ ਦੀ ਦਰ ਵਿੱਚ ਤਬਦੀਲੀ ਹੋ ਸਕਦੀ ਹੈ। ਆਮ ਤੌਰ ਤੇ ਫ਼ੀਸ ਨਿਸ਼ਚਿਤ ਮਿਤੀ ਨੂੰ ਹੀ ਲਈ ਜਾਵੇਗੀ। ਆਨ-ਲਾਈਨ ਫ਼ੀਸ ਅਦਾਇਗੀ ਵਿੱਚ ਦੇਰੀ ਕਾਰਨ ਨਿਯਮਾਂ ਅਨੁਸਾਰ ਜ਼ੁਰਮਾਨਾ ਵਸੂਲ ਕੀਤਾ ਜਾਵੇਗਾ। ਨਿਸ਼ਚਿਤ ਮਿਤੀਆਂ ਦੇ ਦੌਰਾਨ ਫ਼ੀਸ ਦੀ ਅਦਾਇਗੀ ਨਾ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ ਬਿਨਾਂ ਕਿਸੇ ਸੂਚਨਾ ਦੇ ਕੱਟ ਦਿੱਤੇ ਜਾਣਗੇ।

## ਫ਼ੀਸ ਮੁਆਫੀ ਅਤੇ ਆਰਥਿਕ ਸਹਾਇਤਾ :

· ਨਿਯਮਾਂ ਅਨੁਸਾਰ ਭੈਣ/ਭਰਾ ਵਿੱਚੋਂ ਇੱਕ ਲਈ ਪੀ ਟੀ ਏ ਫ਼ੀਸ ਵਿੱਚ ਪ੍ਰਿੰਸੀਪਲ ਦੇ ਨਿਰਦੇਸ਼ਾਂ ਅਨੁਸਾਰ ਛੋਟ ਦਿੱਤੀ ਜਾਵੇਗੀ।

**ਉਪਲੱਬਧ ਵਜ਼ੀਫੇ–**

- ਐ.ਸੀ/ ਬੀ.ਸੀ  ਕੈਟਗਰੀ ਨਾਲ ਸਬੰਧਤ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਵਜੀਫੇ ਉਪਲਬਧ ਹਨ।
- ਜਨਰਲ ਕੈਟਗਰੀ ਨਾਲ ਸਬੰਧ ਵਿਦਿਆਰਥੀਆਂ ਲਈ ਸੀ.ਐੱਮ ਸਕਾਲਰਸ਼ਿਪ ਤਹਿਤ ਪ੍ਰੀਖਿਆ ਫੀਸ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ।

## ਦਾਖ਼ਲਾ ਪ੍ਰਾਪਤ ਕਰਨ ਪਿੱਛੋਂ ਧਿਆਨ ਰੱਖਣਯੋਗ ਗੱਲਾਂ :

**ਸ਼ਨਾਖਤੀ ਕਾਰਡ (Identity Card):**

ਕਾਲਜ ਵਿੱਚ ਦਾਖ਼ਲ ਹੋਏ ਹਰ ਵਿਦਿਆਰਥੀ ਦਾ ਸ਼ਨਾਖਤੀ ਕਾਰਡ ਬਣਾਇਆ ਜਾਵੇਗਾ। ਸ਼ਨਾਖਤੀ ਕਾਰਡ ਵਿਦਿਆਰਥੀ ਨੂੰ ਹਰ ਰੋਜ਼ ਕਾਲਜ ਆਉਣ ਸਮੇਂ ਆਪਣੇ ਨਾਲ ਲਿਆਉਣਾ ਹੋਵੇਗਾ ਅਤੇ ਉਸ ਨੂੰ ਗਲ਼ ਵਿੱਚ ਪਾਉਣਾ ਲਾਜ਼ਮੀ ਹੋਵੇਗਾ। ਸੰਬੰਧਿਤ ਅਧਿਕਾਰੀ/ਅਧਿਕਾਰੀਆਂ ਦੁਆਰਾ ਮੰਗਣ ਤੇ ਇਹ ਵਿਖਾਉਣਾ ਹੋਵੇਗਾ। ਸ਼ਨਾਖਤੀ ਕਾਰਡ ਨਾ ਦਿਖਾਉਣ ਦੀ ਹਾਲਤ ਵਿੱਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਜ਼ੁਰਮਾਨਾ ਵੀ ਕੀਤਾ ਜਾਵੇਗਾ।ਜਦੋਂ ਤੱਕ ਵਿਦਿਆਰਥੀਆਂ ਦਾ ਸ਼ਨਾਖਤੀ ਕਾਰਡ ਨਹੀਂ ਬਣਦਾ ਉਦੋਂ ਤੱਕ ਉਹ ਕਾਲਜ ਵੱਲੋਂ ਜਾਰੀ ਪ੍ਰੋਵਿਜ਼ਨਲ ਸ਼ਨਾਖਤੀ ਕਾਰਡ ਜਾਂ ਫੀਸ ਰਸੀਦ ਨਾਲ ਲੈ ਕੇ ਆਉਣਗੇ।ਸ਼ਨਾਖਤੀ ਕਾਰਡ ਵਿਦਿਆਰਥੀਆਂ ਨੂੰ ਇੱਕ ਸੈਸ਼ਨ ਲਈ ਜਾਰੀ ਕੀਤਾ ਜਾਂਦਾ ਹੈ।ਸੈਸ਼ਨ ਖ਼ਤਮ ਹੋਣ ਉਪਰੰਤ ਵਿਦਿਆਰਥੀ ਨੂੰ ਆਪਣਾ ਸ਼ਨਾਖ਼ਤੀ ਕਾਰਡ ਕਾਲਜ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

### ਵਿਸ਼ਾ ਤਬਦੀਲੀ

ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖਲੇ ਸਮੇਂ ਲਏ ਗਏ ਵਿਸ਼ਿਆਂ ਵਿੱਚੋਂ ਕੋਈ ਚੋਣਵੇਂ ਵਿਸ਼ੇ ਕਲਾਸਾਂ ਸ਼ੁਰੂ ਹੋਣ ਤੋਂ ਦੋ ਹਫਤਿਆਂ ਦੇ ਅੰਦਰ-ਅੰਦਰ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ. ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ। ਵਿਸ਼ਾ ਤਬਦੀਲੀ ਲਈ ਵਿਦਿਆਰਥੀਆਂ ਨੂੰ ਨਿਸ਼ਚਿਤ ਫ਼ਾਰਮ ਭਰ ਕੇ ਸੰਬੰਧਤ ਪ੍ਰੋਫੈਸਰ ਸਾਹਿਬਾਨ ਤੋਂ ਜ਼ਰੂਰੀ ਸਿਫ਼ਾਰਿਸ਼ ਕਰਵਾਉਣੀ ਲਾਜ਼ਮੀ ਹੋਵੇਗੀ।

### ਕਾਲਜ ਵਿੱਚ ਹਾਜ਼ਰੀਆਂ ਸਬੰਧੀ

ਦਾਖਲਾ ਲੈਣ ਉਪਰੰਤ ਕਲਾਸਾਂ ਰੈਗੂਲਰ ਤੌਰ ਤੇ ਲਗਾਉਣੀਆਂ ਲਾਜ਼ਮੀ ਹਨ।ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਲਗਾਤਾਰ ਗ਼ੈਰਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨ ਦੇ ਅੰਦਰ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖ਼ਲਾ ਫ਼ੀਸ ਅਤੇ ਜ਼ੁਰਮਾਨਾ ਭਰਨ ਉਪਰੰਤ ਹੀ ਪੁਨਰ-ਦਾਖ਼ਲਾ ਸੰਭਵ ਹੋ ਸਕੇਗਾ। ਇਹ ਦਾਖ਼ਲਾ ਕੇਵਲ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਮ ਕਾਲਜ ਵਿੱਚੋਂ ਪੱਕੇ ਤੌਰ ਤੇ ਕੱਟ ਦਿੱਤਾ ਜਾਵੇਗਾ।ਕਾਲਜ ਰੋਲ ਤੋਂ ਨਾਮ ਕੱਟੇ ਜਾਣ ਦੀ ਮਿਤੀ ਤੋਂ ਦੁਬਾਰਾ ਦਾਖ਼ਲਾ ਲੈਣ ਦੀ ਮਿਤੀ ਦੇ ਵਕਫ਼ੇ ਦੌਰਾਨ ਹੋਏ ਲੈਕਚਰਾਂ ਦੀ ਕਮੀ ਦਾ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।

### ਛੁੱਟੀ ਦੇ ਨਿਯਮ

ਛੁੱਟੀ ਲੈਣ ਲਈ ਵਿਦਿਆਰਥੀ ਨਿਸ਼ਚਿਤ ਫ਼ਾਰਮ ਤੇ ਅਰਜ਼ੀ ਦੇਵੇਗਾ। ਵਿਦਿਆਰਥੀ ਛੁੱਟੀ ਜਾਣ ਤੋਂ ਪਹਿਲਾਂ ਅਰਜ਼ੀ ਆਪਣੇ ਟਿਊਟਰ (ਹਰ ਇੱਕ ਵਿਦਿਆਰਥੀ ਨੂੰ ਇੱਕ ਟਿਊਟਰ ਅਲਾਟ ਕੀਤਾ ਜਾਵੇਗਾ) ਤੋਂ ਮਨਜ਼ੂਰ ਕਰਵਾ ਕੇ ਦਫਤਰ ਵਿੱਚ ਕਲਰਕ ਨੂੰ ਦੇ ਕੇ ਜਾਣ। ਪਰ 7 ਦਿਨਾਂ ਤੋਂ ਵੱਧ ਦੀ ਛੁੱਟੀ ਆਪਣੇ ਟਿਊਟਰ ਦੀ ਸ਼ਿਫਾਰਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਉਣੀ ਪਵੇਗੀ।ਬੀਮਾਰੀ ਦੀ ਹਾਲਤ ਵਿੱਚ ਮੈਡੀਕਲ ਸਰਟੀਫ਼ਿਕੇਟ ਨਾਲ ਦੇਣਾ ਜ਼ਰੂਰੀ ਹੈ।ਇਸ ਸਬੰਧੀ ਵਿਦਿਆਰਥੀ ਆਪਣੇ ਮਾਤਾ/ਪਿਤਾ ਜਾਂ ਸਰਪ੍ਰਸਤ ਤੋਂ ਹਸਤਾਖ਼ਰ ਕਰਵਾ ਕੇ ਅਰਜ਼ੀ ਦੇਣ।

### ਕਾਲਜ ਛੱਡਣ ਸੰਬੰਧੀ

ਜਿਹੜਾ ਵਿਦਿਆਰਥੀ ਕਾਲਜ ਛੱਡਣ ਦਾ ਇਛੁੱਕ ਹੋਵੇ, ਉਹ ਨਿਰਧਾਰਿਤ ਫ਼ਾਰਮ ਤੇ ਆਪਣੀ ਅਰਜ਼ੀ ਪਿਤਾ ਜਾਂ ਸਰਪ੍ਰਸਤ ਤੋਂ ਪ੍ਰਤੀ-ਬੇਨਤੀ ਹਸਤਾਖ਼ਰ ਕਰਵਾ ਕੇ ਭੇਜੇ। ਵਿਦਿਆਰਥੀ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫ਼ੀਸ, ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ।ਕਾਲਜ ਵੱਲੋਂ ਸਕਿਊਰਟੀ ਤੋਂ ਇਲਾਵਾ ਕੋਈ ਹੋਰ ਰਕਮ ਵਾਪਸ ਨਹੀਂ ਕੀਤੀ ਜਾਵੇਗੀ।ਇੱਕ ਮਹੀਨੇ ਉਪਰੰਤ ਕੋਈ ਵੀ ਰਕਮ ਵਾਪਸ ਨਹੀਂ ਕੀਤੀ ਜਾਵੇਗਾ।

## ਯੂਨੀਵਰਸਿਟੀ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਲਈ ਨਿਯਮ ਅਤੇ ਸ਼ਰਤਾਂ

### ਲੈਕਚਰਾਂ ਸੰਬੰਧੀ

- ਯੂਨੀਵਰਸਿਟੀ ਨਿਯਮਾਂ ਅਨੁਸਾਰ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਸਮੈਸਟਰ ਦੌਰਾਨ ਕਲਾਸ ਵਿੱਚ ਲੱਗੇ ਲੈਕਚਰਾਂ ਵਿੱਚੋਂ 75% ਲੈਕਚਰ ਲਗਾਉਣੇ ਲਾਜ਼ਮੀ ਹਨ।
- ਪ੍ਰਿੰਸੀਪਲ ਕੋਲ ਲੈਕਚਰਾਂ ਵਿੱਚ ਛੋਟ ਦੇਣ ਦਾ ਰਾਖਵਾਂ ਅਧਿਕਾਰ ਹੈ।ਕੇਵਲ ਉਹਨਾਂ ਵਿਦਿਆਰਥੀਆਂ ਦੇ ਕੇਸਾਂ ਉੱਤੇ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਹੀ ਵਿਚਾਰ ਕੀਤੀ ਜਾਵੇਗੀ, ਜਿਨ੍ਹਾਂ ਦੀ ਪੜ੍ਹਾਈ ਅਤੇ ਵਿਵਹਾਰ ਸੰਬੰਧੀ ਰਿਪੋਰਟ ਤਸੱਲੀਬਖਸ਼ ਹੋਵੇਗੀ।

**ਘਰੇਲੂ ਪ੍ਰੀਖਿਆ (Mid Semester Test) ਸੰਬੰਧੀ**

· ਸਾਰੀਆਂ ਕਲਾਸਾਂ ਦੇ ਵਿਦਿਆਰਥੀ ਯੂਨੀਵਰਸਿਟੀ ਵੱਲੋਂ ਸੰਬੰਧਤ ਕਲਾਸ ਤੇ ਆਰਡੀਨੈਂਸ ਅਤੇ ਸਿਲੇਬਸ ਵਿੱਚ ਦਿੱਤੀਆਂ ਸ਼ਰਤਾਂ ਅਨੁਸਾਰ ਘਰੇਲੂ ਪ੍ਰੀਖਿਆਵਾਂ ਦੇਣ ਲਈ ਅਤੇ ਪ੍ਰੀਖਿਆ ਵਿੱਚ ਨਿਰਧਾਰਤ ਅੰਕ ਪ੍ਰਾਪਤ ਕਰਨ ਲਈ ਪਾਬੰਦ ਹੋਣਗੇ।

· ਕੇਵਲ ਉਹ ਵਿਦਿਆਰਥੀ ਜੋ ਵਿਸ਼ੇਸ ਹਾਲਤਾਂ (ਜਿਵੇਂ ਕਿ ਬਿਮਾਰੀ, ਖੇਡਣ ਦਾ ਸਮਾਂ ਜਾਂ ਕਾਲਜ ਦਾ ਕੋਈ ਵਿਸ਼ੇਸ ਰੁਝੇਵਾਂ) ਵਿੱਚ ਪੇਪਰ ਨਾ ਦੇ ਸਕੇ ਹੋਣ ਉਹ ਪ੍ਰਿੰਸੀਪਲ ਦੀ ਆਗਿਆ ਨਾਲ ਦੁਬਾਰਾ ਪ੍ਰੀਖਿਆ ਦੇ ਸਕਦੇ ਹਨ ਇਸ ਲਈ ਉਹਨਾਂ ਨੂੰ ਸਵੈ-ਘੋਸਣਾ ਪੱਤਰ ਅਤੇ ਦਸਤਾਵੇਜ਼ੀ ਸਬੂਤ ਪੇਸ਼ ਕਰਨੇ ਹੋਣਗੇ।

· ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆ ਸਮੇਂ ਸਿਰ ਨਹੀਂ ਦੇਣਗੇ ਉਹ ਵਿਸ਼ੇਸ਼ ਪ੍ਰੀਖਿਆ ਦੇਣ ਲਈ ਕਾਲਜ ਵੱਲੋਂ ਨਿਰਧਾਰਤ ਫ਼ੀਸ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਣਗੇ


**ਵਿਸ਼ੇਸ਼ ਨੋਟ: ਜਿਹੜੇ ਵਿਦਿਆਰਥੀ ਲੈਕਚਰਾਂ ਅਤੇ ਘਰੇਲੂ ਪ੍ਰੀਖਿਆਵਾਂ ਸੰਬੰਧੀ ਯੂਨੀਵਰਸਿਟੀ ਪ੍ਰੀਖਿਆ ਦੇਣ ਲਈ ਸ਼ਰਤਾਂ ਪੂਰੀਆਂ ਨਹੀਂ ਕਰਨਗੇ, ਉਹਨਾਂ ਨੂੰ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ ਅਤੇ ਉਹਨਾਂ ਦੇ ਰੋਲ ਨੰਬਰ ਯੂਨੀਵਰਸਿਟੀ ਨੂੰ ਵਾਪਸ ਕੀਤੇ ਜਾਣਗੇ।**

## ਦਾਖਲਾ ਸ਼ਡਿਊਲ

***ਕਾਲਜ ਵਿੱਚ ਦਾਖਲੇ ਲਈ ਰਜਿਸਟ੍ਰੇਸ਼ਨ ਕਰਾਉਣਾ ਲਾਜ਼ਮੀ ਹੈ,ਹੇਠਾਂ ਦਿੱਤੇ ਕੋਡ ਨੂੰ ਸਕੈਨ ਕਰਕੇ ਭਰਿਆ ਜਾ ਸਕਦਾ ਹੈ।**

**FOLLOW THESE STEPS TO SCAN QR CODE IN YOUR PHONE**

1. **OPEN GOOGLE CHROME AND FIND THIS ICON**




2. **SCAN THIS CODE/ENTER ADDRESS MANUALLY**

https://forms.gle/YA921YmvXt2vvYKR9

**FILL THE GOOGLE FORM CAREFULLY**

# ਲਾਈਬ੍ਰੇਰੀ

## (ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰੀ ਲਾਈਬ੍ਰੇਰੀ)




ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ, ਜਾਡਲਾ, ਐਸਬੀਐਸ ਨਗਰ ਦੀ "ਸ਼ਹੀਦ-ਏ-ਆਜ਼ਮ ਭਗਤ ਸਿੰਘ" ਲਾਇਬ੍ਰੇਰੀ, 2021 ਵਿੱਚ ਆਪਣੀ ਸਥਾਪਨਾ ਤੋਂ ਹੀ ਅਕਾਦਮਿਕ ਉੱਤਮਤਾ ਅਤੇ ਬੌਧਿਕ ਵਿਕਾਸ ਦੇ ਇੱਕ ਅਧਾਰ ਵਜੋਂ ਖੜ੍ਹੀ ਹੈ। ਗਿਆਨ, ਖੋਜ ਅਤੇ ਖੋਜ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ। ਲਾਇਬ੍ਰੇਰੀ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਵਿਦਿਆਰਥੀ ਆਪਣੇ ਗਿਆਨ ਦਾ ਵਿਸਤਾਰ ਕਰ ਸਕਦੇ ਹਨ, ਆਪਣੇ ਸਿੱਖਣ ਦੇ ਅਨੁਭਵ ਨੂੰ ਵਧਾ ਸਕਦੇ ਹਨ, ਅਤੇ ਨਿੱਜੀ ਅਤੇ ਪੇਸ਼ੇਵਰ ਵਿਕਾਸ ਲਈ ਨਵੇਂ ਮੌਕੇ ਖੋਲ੍ਹ ਸਕਦੇ ਹਨ। ਲਾਇਬ੍ਰੇਰੀ ਨੂੰ ਵਿਦਿਆਰਥੀਆਂ, ਫੈਕਲਟੀ ਅਤੇ ਖੋਜਕਰਤਾਵਾਂ ਦੀਆਂ ਵਿਭਿੰਨ ਅਕਾਦਮਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਪਾਠਕ੍ਰਮ ਦਾ ਸਮਰਥਨ ਕਰਨ ਅਤੇ ਜੀਵਨ ਭਰ ਸਿੱਖਣ ਨੂੰ ਉਤਸ਼ਾਹਿਤ ਕਰਨ ਵਾਲੇ ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ।

ਲਾਇਬ੍ਰੇਰੀ ਵਿੱਚ ਕਿਤਾਬਾਂ ਅਤੇ ਮਲਟੀਮੀਡੀਆ ਸਰੋਤਾਂ ਦਾ ਇੱਕ ਵਿਸ਼ਾਲ ਸੰਗ੍ਰਹਿ ਹੈ ਜੋ ਵੱਖ-ਵੱਖ ਅਕਾਦਮਿਕ ਵਿਸ਼ਿਆਂ ਨੂੰ ਕਵਰ ਕਰਦੇ ਹਨ। 1206 ਕਿਤਾਬਾਂ ਦੇ ਨਾਲ, ਸਾਡੀ ਲਾਇਬ੍ਰੇਰੀ ਇਹ ਯਕੀਨੀ ਬਣਾਉਂਦੀ ਹੈ ਕਿ ਹਰੇਕ ਵਿਦਿਆਰਥੀ ਕੋਲ ਸਭ ਤੋਂ ਨਵੀਨਤਮ ਜਾਣਕਾਰੀ ਅਤੇ ਅਕਾਦਮਿਕ ਸਮੱਗਰੀ ਤੱਕ ਪਹੁੰਚ ਹੋਵੇ। ਸਿੱਖਿਆ ਅਤੇ ਖੋਜ ਵਿੱਚ ਨਵੀਨਤਮ ਰੁਝਾਨਾਂ ਨਾਲ ਤਾਲਮੇਲ ਰੱਖਣ ਲਈ ਲਾਇਬ੍ਰੇਰੀ ਨੂੰ ਲਗਾਤਾਰ ਨਵੇਂ ਪ੍ਰਾਪਤੀਆਂ ਨਾਲ ਅਪਡੇਟ ਕੀਤਾ ਜਾਂਦਾ ਹੈ।

ਲਾਇਬ੍ਰੇਰੀ ਨੂੰ ਵਿਦਿਆਰਥੀਆਂ ਦੇ ਆਰਾਮ ਅਤੇ ਉਤਪਾਦਕਤਾ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਵਿੱਚ ਏਅਰ-ਕੰਡੀਸ਼ਨਡ ਸਟੱਡੀ ਜ਼ੋਨ ਅਤੇ ਵਿਅਕਤੀਗਤ ਰੀਡਿੰਗ ਰੂਮ ਹਨ। ਕਾਫ਼ੀ ਬੈਠਣ ਵਾਲੀਆਂ ਥਾਵਾਂ, ਚੰਗੀ ਤਰ੍ਹਾਂ ਪ੍ਰਕਾਸ਼ਮਾਨ ਥਾਵਾਂ ਅਤੇ ਆਧੁਨਿਕ ਸਹੂਲਤਾਂ ਤੱਕ ਪਹੁੰਚ ਦੇ ਨਾਲ, ਲਾਇਬ੍ਰੇਰੀ ਅਧਿਐਨ, ਸਹਿਯੋਗ ਅਤੇ ਵਿਚਾਰ ਲਈ ਇੱਕ ਆਦਰਸ਼ ਵਾਤਾਵਰਣ ਪ੍ਰਦਾਨ ਕਰਦੀ ਹੈ। ਸਾਡਾ ਲਾਇਬ੍ਰੇਰੀ ਸਟਾਫ ਸਾਰੇ ਵਿਦਿਆਰਥੀਆਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਨ ਲਈ ਸਮਰਪਿਤ ਹੈ, ਅਤੇ ਫੈਕਲਟੀ ਵਿਅਕਤੀਗਤ ਸਹਾਇਤਾ ਤੋਂ ਲਾਭ ਉਠਾ ਸਕਦੇ ਹਨ।

# ਖੇਡ ਗਰਾਊਂਡ ਅਤੇ ਜਿਮ

ਕਾਲਜ ਦੇ ਸਰੀਰਿਕ ਸਿੱਖਿਆ ਵਿਭਾਗ ਅਧੀਨ ਕਾਲਜ ਵਿੱਚ ਵੱਖ-ਵੱਖ ਤਰ੍ਹਾਂ ਦੇ ਖੇਡ ਮੈਦਾਨ ਜਿਵੇਂ ਕਿ ਬੈਡਮਿੰਟਨ ਕੋਰਟ,ਵਾਲੀਬਾੱਲ,ਖੋਹ ਖੋਹ ਅਤੇ ਆਧੁਨਿਕ ਮਸ਼ੀਨਾਂ ਵਾਲਾ ਜਿਮ ਮੌਜੂਦ ਹੈ। ਜਿਸ ਵਿੱਚ ਵਿਦਿਆਰਥੀ ਆਪਣੀ ਸਰੀਰਿਕ ਤੰਦਰੁਸਤੀ ਲਈ ਕਸਰਤ ਕਰ ਸਕਦੇ ਹਨ।







# ਟਿਊਟੋਰੀਅਲ ਗਰੁੱਪ

ਟਿਊਟੋਰੀਅਲ ਗਰੁੱਪ (ਮੈਂਟਰ-ਮੈਂਟੀ ਪ੍ਰੋਗਰਾਮ)



ਹਰ ਵਿਦਿਆਰਥੀ ਨੂੰ ਟਿਊਟੋਰੀਅਲ ਗਰੁੱਪ ਮੈਂਟਰ-ਮੈਂਟੀ ਅਲਾਟ ਕੀਤਾ ਜਾਵੇਗਾ। ਹਰ ਟਿਊਟਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਧਿਆਨ ਰੱਖੇਗਾ। ਕਿਸੇ ਵੀ ਵਿਦਿਆਰਥੀ ਨੂੰ ਆਪਣੇ ਆਪ ਗਰੁੱਪ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਹਰ ਮਹੀਨੇ ਟਿਊਟੋਰੀਅਲ ਗਰੁੱਪ ਮੀਟਿੰਗ ਹੋਵੇਗੀ ਜਿਸ ਵਿੱਚ ਵਿਦਿਆਰਥੀ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ। ਗੈਰ-ਹਾਜ਼ਰ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

# ਮੈਗਜ਼ੀਨ

ਸਰਕਾਰੀ ਕਾਲਜ ਜਾਡਲਾ ਵਲੋਂ ਸਾਲ ਵਿੱਚ ਇੱਕ ਵਾਰ ਕਾਲਜ ਮੈਗਜ਼ੀਨ "ਅੱਖਰਾਂ ਦੇ ਪਰਛਾਂਵੇ" ਕੱਢਿਆ ਜਾਂਦਾ ਹੈ। ਇਸ ਵਿੱਚ ਵਿਦਿਆਰਥੀ ਵੱਖ ਵਿਸ਼ਿਆਂ ਦੇ ਲੇਖ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਸਾਹਿਤਕ ਵਿਧਾਵਾਂ ਅੰਗਰੇਜ਼ੀ, ਪੰਜਾਬੀ, ਹਿੰਦੀ ਆਦਿ ਕਿਸੇ ਵੀ ਭਾਸ਼ਾ ਵਿੱਚ ਛਪਵਾ ਸਕਦੇ ਹਨ।

# ਡਿਜੀਟਲ ਕਲਾਸ ਰੂਮ/ਸਮਾਰਟ ਕਲਾਸ ਰੂਮਜ਼ ਅਤੇ ਲੈਬਜ਼






ਕਾਲਜ ਵਿੱਚ ਵਿਦਿਆਰਥੀਆਂ ਨੂੰ ਸਮਾਰਟ ਕਲਾਸ ਰੂਮ ਅਤੇ ਡਿਜਿਟਲ ਪੈਨਲ ਵਾਲੇ ਕਮਰਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਆਧੁਨਿਕ ਤਕਨੀਕ ਅਤੇ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਬਾਟੇਨੀਕਲ ਅਤੇ ਹਰਬਲ ਗਾਰਡਨ ਵੀ ਹਨ ਵਿਦਿਆਰਥੀਆਂ ਲਈ ਨੈੱਟਵਰਕ ਰਿਸੋਰਸ ਸੈਂਟਰ ਅਤੇ ਸਪੋਕਨ ਇੰਗਲਿਸ਼ ਲੈਬ ਦੀ ਸਹੂਲਤ ਵੀ ਹੈ।

# ਹੋਰ ਸਹੂਲਤਾਂ-

- ਕਾਲਜ ਵਿਖੇ ਇੱਕ ਮਲਟੀ ਪਰਪਜ਼ ਹਾਲ ਅਤੇ ਵਿਦਿਆਰਥੀਆਂ ਦੇ ਸਹੂਲਤ ਲਈ ਕਾਲਜ ਕੈਂਪਸ ਦੇ ਵਿੱਚ ਹੀ ਖਾਣ ਪੀਣ ਲਈ ਕੰਟੀਨ ਦਾ ਪ੍ਰਬੰਧ ਹੈ।





# ਸਹਿ ਵਿੱਦਿਅਕ ਗਤੀਵਿਧੀਆਂ

## ਯੁਵਕ ਅਤੇ ਲੋਕ ਮੇਲਾ





ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਇੱਕ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੇਲੇ ਵਿੱਚ ਵਿਦਿਆਰਥੀ ਸੰਗੀਤ, ਰੰਗ ਮੰਚ, ਸਾਹਿਤਕ ਕਲਾਵਾਂ, ਕੋਮਲ ਕਲਾਵਾਂ ਗਿੱਧੇ, ਭੰਗੜੇ, ਪ੍ਰਚਲਿਤ ਅਤੇ ਅਲੋਪ ਹੋ ਰਹੀਆਂ ਲੋਕ ਕਲਾਵਾਂ ਵਿੱਚ ਭਾਗ ਲੈਂਦੇ ਹਨ। ਜੇਤੂ ਟੀਮਾਂ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਭਾਗ ਲੈਣ ਲਈ ਜਾਂਦੀਆਂ ਹਨ। ਕਾਲਜ ਦੇ ਵਿਦਿਆਰਥੀ ਇਨ੍ਹਾਂ ਮੇਲਿਆਂ ਵਿੱਚ ਭਾਗ ਲੈਂਦੇ ਹਨ ਅਤੇ ਇਨਾਮ ਜਿੱਤ ਕੇ ਕਾਲਜ ਦਾ ਮਾਣ ਵਧਾਉਂਦੇ ਹਨ।

## NSS ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ)









ਲੜਕੇ ਤੇ ਲੜਕੀਆਂ ਦੋਹਾਂ ਵਰਗਾਂ ਲਈ ਕੌਮੀ ਸੇਵਾ ਯੋਜਨਾ ਦਾ 1 ਯੂਨਿਟ ਸਰਗਰਮ ਹੈ।ਇਸ ਯੂਨਿਟ ਵਿੱਚ 100 ਵਿਦਿਆਰਥੀਆਂ ਦੀ ਵਲੰਟੀਅਰ ਤੌਰ ਤੇ ਭਰਤੀ 'ਪਹਿਲਾਂ ਆਓ-ਪਹਿਲਾਂ ਪਾਉ' ਦੇ ਆਧਾਰ ਤੇ ਕੀਤੀ ਜਾਂਦੀ ਹੈ।ਇਸ ਯੋਜਨਾ ਰਾਹੀਂ ਵਲੰਟੀਅਰਾਂ ਨੂੰ ਯੂਥ ਲੀਡਰਸ਼ਿੱਪ ਕੈਂਪ, ਰਾਸ਼ਟਰੀ ਏਕਤਾ ਕੈਂਪ, ਐਡਵੈਂਚਰ ਕੈਂਪ, ਇੰਟਰ ਸਟੇਟ ਯੂਥ ਐਕਸਚੇਂਜ ਪ੍ਰੋਗਰਾਮ, ਹਾਈਕਿੰਗ ਟ੍ਰੈਕਿੰਗ ਕੈਂਪ, ਪ੍ਰੀ-ਰਿਪਬਲਿਕ ਡੇਅ ਪਰੇਡ ਕੈਂਪ ਆਦਿ ਵਿੱਚ ਭਾਗ ਲੈਣ ਦੇ ਅਵਸਰ ਮਿਲਦੇ ਹਨ ਜੋ ਕਿ ਵਿਦਿਆਰਥੀ ਦੀ ਸਖਸ਼ੀਅਤ ਦੀ ਉਸਾਰੀ ਅਤੇ ਬਹੁਪੱਖੀ ਵਿਕਾਸ ਕਰਨ ਵਿੱਚ ਭਰਪੂਰ ਸਹਾਈ ਹੁੰਦੇ ਹਨ।

# Red Ribbon Club ਯੁਵਕ ਸੇਵਾਵਾਂ ਰੈੱਡ ਰਿਬਨ ਕਲੱਬ

ਵਿਦਿਆਰਥੀਆਂ ਨੂੰ ਸਮਾਜ ਨਾਲ ਜੋੜਨ ਦੇ ਮਕਸਦ ਨਾਲ ਕਾਲਜ ਵਿੱਚ ਇੱਕ ਯੁਵਕ ਸੇਵਾਵਾਂ ਰੈਡ ਕਲੱਬ ਸਰਗਰਮ ਹੈ। ਇਹ ਕਲੱਬ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਖਿਲਾਫ਼ ਜਾਗਰੂਕ ਕਰਨ, ਸਵੱਛ ਭਾਰਤ ਅਭਿਆਨ, ਖੂਨਦਾਨ ਕੈਂਪ ਵਾਤਾਵਰਨ ਸੁਰੱਖਿਆ ਅਤੇ ਜ਼ਿਲ੍ਹਾ ਅਤੇ ਕਾਲਜ ਪ੍ਰਸ਼ਾਸਨ ਨਾਲ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਦਾ।

# Red Cross Club ਰੈੱਡ ਕਰਾਸ ਕਲੱਬ

ਕਾਲਜ ਵਿੱਚ ਇੱਕ ਰੈਡ ਕ੍ਰਾਸ ਕਲੱਬ ਸਰਗਰਮ ਹੈ ਜੋ ਜ਼ਿਲ੍ਹਾ ਰੈਡ ਕ੍ਰਾਸ ਯੂਨਿਟ ਅਤੇ ਸਟੇਟ ਰੈਡ ਕ੍ਰਾਸ ਸੋਸਾਇਟੀ ਦੁਆਰਾ ਅਯੋਜਿਤ ਵਿਸ਼ੇਸ਼ ਮੁਹਿੰਮਾਂ, ਸਮਾਗਮਾਂ ਅਤੇ ਸਪੈਸ਼ਲ ਕੈਂਪਾਂ ਵਿੱਚ ਹਿੱਸਾ ਲੈਣ ਦੇ ਮੌਕੇ ਮੁਹੱਈਆ ਕਰਵਾਉਂਦਾ ਹੈ।













# ਵਜੀਫਿਆਂ ਸਬੰਧੀ ਜਾਣਕਾਰੀ

| ਵਜ਼ੀਫੇ ਦਾ ਨਾਂ | ਵਜ਼ੀਫੇ ਲਈ ਹੱਕਦਾਰ ਵਿਦਿਆਰਥੀ ਅਤੇ ਸ਼ਰਤਾਂ | ਆਮਦਨ ਸੀਮਾ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|
| SC/ST ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ | · ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ।<br>· ਕਲਾਸਾਂ ਵਿੱਚ 75% ਹਾਜ਼ਰੀ ਲਾਜ਼ਮੀ ਹੈ। | ਸਾਲਾਨਾ ਆਮਦਨ 2,50,000/- ਰੁਪਏ (ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ। | ▪ ਦਾਖ਼ਲਾ ਲੈਣ ਸੰਬੰਧੀ ਸਵੈ-ਘੋਸਣਾ<br>▪ ਫ੍ਰੀਸ਼ਿਪ ਕਾਰਡ<br>▪ ਆਨਲਾਈਨ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ<br>▪ ਪੋਰਟਲ ਤੇ ਅਪਲੋਡ ਕੀਤਾ ਜਾਣ ਵਾਲਾ ਹਲਫੀਆ ਬਿਆਨ<br>▪ ਕਾਲਜ ਦਾ ਦਾਖਲਾ ਫਾਰਮ ਵਿਦਿਆਰਥੀ ਦਾ ਆਧਾਰ ਕਾਰਡ<br>▪ ਮਾਤਾ/ਪਿਤਾ ਦਾ ਆਧਾਰ ਕਾਰਡ<br>▪ ਜਾਤੀ ਸਰਟੀਫਿਕੇਟ<br>▪ ਪੰਜਾਬ ਰਿਹਾਇਸੀ ਸਰਟੀਫਿਕੇਟ<br>▪ ਮਾਤਾ/ਪਿਤਾ ਦਾ ਤਹਿਸੀਲਦਾਰ ਵੱਲੋਂ ਜਾਰੀ ਤਾਜ਼ਾ ਆਮਦਨ ਸਰਟੀਫਿਕੇਟ<br>▪ ਨੌਕਰੀ ਪੇਸ਼ਾ ਲਈ ਵਿਭਾਗ ਮੁਖੀ ਵੱਲੋਂ ਜਾਰੀ ਆਮਦਨ ਸਰਟੀਫਿਕੇਟ<br>▪ ਮੈਟ੍ਰਿਕ ਦਾ ਸਰਟੀਫਿਕੇਟ ਪਿਛਲੀ ਪ੍ਰੀਖਿਆ ਦਾ ਸਰਟੀਫਿਕੇਟ<br>▪ ਵਿਦਿਆਰਥੀ ਦੇ ਆਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਦੀ ਕਾਪੀ<br>▪ ਰੀਨਿਊਨਲ ਸਬੰਧੀ ਫਾਰਮ (ਕੇਵਲ ਰੀਨਿਊ ਵਿਦਿਆਰਥੀਆਂ ਲਈ)<br>▪ ਹਾਜ਼ਰੀ ਸ਼ੀਟ (ਅਪਲਾਈ ਕਰਨ ਸਮੇਂ) |

| ਵਜ਼ੀਫੇ ਦਾ ਨਾਂ | ਵਜ਼ੀਫੇ ਲਈ ਹੱਕਦਾਰ ਵਿਦਿਆਰਥੀ ਅਤੇ ਸ਼ਰਤਾਂ | ਆਮਦਨ ਸੀਮਾ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|
| Central Sector Scheme for Minorities (Muslim, Sikh, Jain, Budh, Parsis and Cristians) | Minorities ਦੇ ਉਹ ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ।<br><br>ਪਿਛਲੀ ਕਲਾਸ ਵਿੱਚ 50% ਜਾਂ ਇਸ ਤੋਂ ਵੱਧ ਨੰਬਰ ਹੋਣ।<br><br>ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। | ਸਾਲਾਨਾ ਆਮਦਨ 2,00,000/- ਰੁਪਏ (ਦੋ ਲੱਖ ਰੁਪਏ) ਤੋਂ ਵੱਧ ਨਾ ਹੋਵੇ। | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |
| Punjab Govt. CM Scholarship Scheme | ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪ੍ਰੀਖਿਆ ਫੀਸ ਅਤੇ ਫਾਰਮ ਫੀਸ ਵਿੱਚ ਅੰਕਾਂ ਅਨੁਸਾਰ ਛੋਟ:<br>ਪ੍ਰਤੀਸ਼ਤ ਅੰਕ — ਛੋਟ<br>90-100% — 100%<br>80-90% — 90%<br>70-80% — 80%<br>60-70% — 70% | | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |

- **ਐੱਸ.ਸੀ/ਬੀ.ਸੀ ਸਕਾਲਰਸ਼ਿਪ ਅਪਲਾਈ ਕਰਨ ਵਾਸਤੇ ਵੈੱਬਸਾਈਟ:-**

**ਪੋਰਟਲ ਦਾ ਨਾਮ- DR.Ambedkar Scholarship Portal**
**ਪੋਰਟਲ ਦਾ ਲਿੰਕ -**

https://scholarships.punjab.gov.in/



# ਵਰਕਸ਼ਾਪਾਂ ਅਤੇ ਸੈਮੀਨਾਰ



















# ਟੂਰ


GPS Map Camera
Focal Point, Ludhiana, 141014, Punjab, India
Lat 30.881421, Long 75.931490
01/28/2025 11:24 AM GMT+05:30
Note : Captured by GPS Map Camera


Vardhman
Vardhman Apparels
ਵਰਧਮਾਨ ਅਪੈਰਲਜ਼
GPS Map Camera
Mangli Nichhi, Punjab, India
Vwjj+qpv, Focal Point, Mangli Nichhi, Ludhiana, Punjab 141014, India
Lat 30.881468° Long 75.931157°
28/01/25 11:40 AM GMT +05:30
Google


नेशनल फर्टिलाइजर्स लिमिटेड


GPS Map Camera
Medha Majra, Punjab, India
9993+mxm, Medha Majra, Punjab 140126, India
Lat 31.367855° Long 76.354975°
27/01/25 12:42 PM GMT +05:30
Google


SML ISUZU
ਐਸ ਐਮ ਐਲ ਇਸੁਜ਼ੁ ਲਿਮਿਟੇਡ
SML ISUZU LIMITED
ਚੈਸਿਸ ਪਲਾਂਟ CHASSIS PLANT
GSTIN : 03AACCS2991P1ZX



# ਅਖ਼ਬਾਰਾਂ ਦੀਆਂ ਸੁਰਖੀਆਂ

## ਰੋਜ਼ਗਾਰ ਮੇਲੇ ਦੌਰਾਨ ਕੰਪਨੀਆਂ ਵਲੋਂ ਨੌਕਰੀ ਲਈ ਚੋਣ



## छात्रों ने औद्योगिक दौरा कर देखा कामकाज



## 100 ਫ਼ੀਸਦੀ ਰਿਹਾ ਸਰਕਾਰੀ ਕਾਲਜ ਜਾਡਲਾ ਦਾ ਬੀ.ਕਾਮ ਸਮੈਸਟਰ-6 ਦਾ ਨਤੀਜਾ



## सबके दिमाग में रहे बस एक ही सपना, स्वच्छ हो भारत अपना...



विश्व ओजोन दिवस • सरकारी कॉलेज में जागरूकता सेमिनार

## पृथ्वी बचाने के लिए बेहद जरूरी है ओजोन परत : अंकुश निझावन



भास्कर न्यूज | नवांशहर

कस्बा जाडला के स. दिलबाग सिंह सरकारी कॉलेज में विश्व ओजोन परत दिवस पर सेमिनार करवाया गया। जिसमें प्रमुख वक्ता एसकेटी प्लांटेशन टीम के संचालक अंकुश निझावन रहे। उन्होंने कहा कि जीवन के लिए ऑक्सीजन जितना महत्व रखता है, उतना ही महत्वपूर्ण ओजोन भी है। दरअसल यह सूर्य की किरणों से आने वाली हानिकारक किरणों से लोगों को बचाती है, हालांकि 1970 में वैज्ञानिकों ने पाया कि इस परत में छेद होने लगा है जो पृथ्वी के लिए काफी हानिकारक होता है इसके प्रति लोगों को जागरूक करने के लिए हर वर्ष 16 सितंबर को विश्व ओजोन दिवस मनाया जाता है। ओजोन परत हमें अल्ट्रावायलेट रेज से भी बचाती है। यह चेहरे और त्वचा पर फाइन लाइन और झुर्रियों का कारण बनती हैं। इतना ही नहीं, बल्कि इन रेज से आंखों में भी काफी नुकसान होता है। कॉलेज प्रिंसिपल सिम्मी जौहल ने कहा कि हम घर पर एसी और फ्रिज का इस्तेमाल करते हैं और इनसे जो गैस निकलती है वो ओजोन परत को नुकसान पहुंचाती है। वहीं, प्राकृतिक कारकों में सौर क्रिया, वायुमंडलीय संरचण, पृथ्वी के रचनात्मक प्लेट किनारों से निकलने वाली गैस, नाइट्रस ऑक्साइड, प्राकृतिक क्लोरीन और केंद्रीय ज्वालामुखी उद्गार से निकलने वाली गैसों से भी ओजोन परत को नुकसान पहुंचता है। पेड़-पौधों को काटना भी ओजोन लेयर के लिए हानिकारक है। इस मौके पर कॉलेज छात्रों ने भी अपने विचार रखे और ओजोन परत के संरक्षण के लिए अवेयरनेस पोस्टर बनाए। इस मौके प्रिया बावा, बलजीत कौर, जसविंदर रहल, हरिंदरजित, सोनिया और नेहा उपस्थित रहे।

## ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਦਾ ਵਿਦਿਆਰਥੀ ਜਸਵਿੰਦਰ ਸਿੰਘ ਰਾਜ ਪੱਧਰੀ ਵਿਕਸਤ ਭਾਰਤ ਯੂਥ ਪਾਰਲੀਮੈਂਟ ਵਿੱਚ ਵਨ ਨੇਸ਼ਨ ਵਨ ਇਲੈਕਸ਼ਨ ਵਿਸ਼ੇ ਤੇ ਰੱਖੇਗਾ ਵਿਚਾਰ

### ਰੋਪੜ ਵਿਖੇ ਹੋਏ ਜਿਲਾ ਪੱਧਰੀ ਮੁਕਾਬਲੇ ਵਿੱਚ ਰਾਜ ਪੱਧਰੀ ਯੁਵਾ ਸੰਸਦ ਲਈ ਹੋਈ ਚੋਣ

ਦੇਵ ਟਾਈਮਜ਼



ਨਵਾਂਸ਼ਹਿਰ, 26 ਮਾਰਚ ਮਾਰਚ (ਜਤਿੰਦਰ ਪਾਲ ਸਿੰਘ ਕਲੇਰ) ਪ੍ਰਧਾਨਮੰਤਰੀ ਨਰਿੰਦਰ ਮੋਦੀ ਜੀ ਦੇ 2047 ਦੇ ਵਿਕਸਤ ਭਾਰਤ ਦੇ ਸੁਪਨੇ ਦੇ ਮੱਦੇ ਨਜ਼ਰ ਭਾਰਤ ਸਰਕਾਰ ਦੇ ਯੁਵਾ ਅਤੇ ਖੇਡ ਮੰਤਰਾਲੇ ਵੱਲੋਂ ਵਿਕਸਿਤ ਭਾਰਤ ਯੁਵਾ ਸੰਸਦ ਆਯੋਜਿਤ ਕੀਤੀ ਗਈ ਜਿਸ ਵਿੱਚ ਰੋਪੜ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ 150 ਨੌਜਵਾਨਾਂ ਨੇ ਭਾਗ ਲਿਆ। ਜਿਸ ਵਿਚੋਂ 10 ਨੌਜਵਾਨਾਂ ਨੂੰ ਰਾਜ ਪੱਧਰੀ ਵਿਕਸਤ ਭਾਰਤ ਯੂਥ ਪਾਰਲੀਮੈਂਟ ਲਈ ਚੁਣਿਆ ਗਿਆ। ਇਹ ਪ੍ਰੋਗਰਾਮ ਨਹਿਰੂ ਯੁਵਾ ਕੇਂਦਰ ਸੰਗਠਨ ਵੱਲੋਂ ਕਰਵਾਇਆ ਗਿਆ। ਕਾਲਜ ਦੇ ਐਨ ਐਸ ਐਸ ਪ੍ਰੋਗਰਾਮ ਅਫਸਰ ਸੋਨੀਆ ਨੇ ਦੱਸਿਆ ਕਿ ਇਸ ਵਿਚ 450 ਨੌਜਵਾਨਾਂ ਨੇ ਮਾਈ ਭਾਰਤ ਪੋਰਟਲ ਦੇ ਮਾਧਿਅਮ ਨਾਲ ਆਨਲਾਈਨ ਵੀਡੀਓ ਭੇਜ ਕੇ ਭਾਗ ਲਿਆ ਸੀ ਜਿਸ ਵਿੱਚੋਂ 150 ਵਿਦਿਆਰਥੀਆਂ ਨੂੰ ਚੁਣਿਆ ਗਿਆ ਸੀ, ਜਿਨ੍ਹਾਂ ਵਿਚੋਂ 10 ਨੌਜਵਾਨਾਂ ਨੂੰ ਰਾਜ ਪੱਧਰੀ ਵਿਕਸਤ ਭਾਰਤ ਯੂਥ ਪਾਰਲੀਮੈਂਟ ਵਿੱਚ ਭਾਗ ਲੈਣ ਲਈ ਚੁਣਿਆ ਗਿਆ। ਜਿਸ ਵਿੱਚ ਸਰਕਾਰੀ ਕਾਲਜ ਜਾਡਲਾ ਦੇ ਬੀ ਏ ਭਾਗ ਪਹਿਲਾ ਦੇ ਵਿਦਿਆਰਥੀ ਜਸਵਿੰਦਰ ਸਿੰਘ ਪੁੱਤਰ ਸ੍ਰੀ ਚਰਨ ਦਾਸ ਵਾਸੀ ਪਿੰਡ ਤਾਜੋਵਾਲ ਨੂੰ ਰਾਜ ਪੱਧਰੀ ਮੁਕਾਬਲੇ ਲਈ ਚੁਣਿਆ ਗਿਆ। ਉਹਨਾਂ ਨੇ ਦੱਸਿਆ ਕਿ ਜਸਵਿੰਦਰ ਸਿੰਘ ਬਹੁਤ ਹੀ ਮਿਹਨਤੀ ਵਿਦਿਆਰਥੀ ਹੈ ਜਿਸਨੇ ਜਿਲ੍ਹੇ ਪੱਧਰੀ ਕਈ ਇਨਾਮ ਹਾਸਿਲ ਕੀਤੇ ਹਨ ਅਤੇ ਕੁਝ ਸਮਾਂ ਪਹਿਲਾਂ ਜਿਲ੍ਹਾ ਪੱਧਰੀ ਯੁਵਾ ਉਤਸਵ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ ਸੀ ਅਤੇ ਇਸ ਵਿਦਿਆਰਥੀ ਨੇ 2025 ਦੇ ਰਾਸ਼ਟਰੀ ਏਕਤਾ ਕੈਂਪ ਆਂਧਰਪ੍ਰਦੇਸ਼ ਵਿਚ ਵੀ ਪੰਜਾਬ ਦੀ ਟੀਮ ਦੇ ਨਾਲ ਭਾਗ ਲਿਆ ਸੀ। ਇਸ ਖੁਸ਼ੀ ਦੇ ਮੌਕੇ ਉੱਤੇ ਸ. ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਦੇ ਪ੍ਰਿੰਸੀਪਲ ਸ਼੍ਰੀਮਤੀ ਗੀਤਾਂਜਲੀ ਸ਼ਰਮਾ ਅਤੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪ੍ਰੀਆ ਬਾਵਾ ਨੇ ਵਿਦਿਆਰਥੀ ਨੂੰ ਵਧਾਈ ਦਿੱਤੀ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਦੇ ਬੀਏ ਸਮੈਸਟਰ ਪੰਜਵੇਂ ਦੀ ਵਿਦਿਆਰਥਣ ਜੈਸੀਕਾ ਨੇ ਜਿਲੇ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ



ਨਵਾਂਸ਼ਹਿਰ 22 ਮਾਰਚ (ਜਤਿੰਦਰ ਪਾਲ ਸਿੰਘ ਕਲੇਰ ) ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀਏ ਸਮੈਸਟਰ ਪੰਜਵੇਂ ਦੇ ਨਤੀਜੇ ਵਿੱਚੋਂ ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਦਾ ਪੰਜਵੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਵਿਦਿਆਰਥਣਾਂ ਨੇ ਜ਼ਿਲ੍ਹੇ ਭਰ ਵਿੱਚੋਂ ਮੱਲਾਂ ਮਾਰੀਆਂ। ਬੀ ਏ ਸਮੈਸਟਰ ਪੰਜਵੇਂ ਦੀ ਵਿਦਿਆਰਥਣ ਜੈਸੀਕਾ ਪੁਤਰੀ ਸ੍ਰੀ ਰਮੇਸ਼ ਕੁਮਾਰ ਨੇ ਬੀਏ ਸਮੈਸਟਰ ਪੰਜਵੇ ਵਿੱਚੋਂ ਜ਼ਿਲੇ ਭਰ ਵਿੱਚੋਂ 79.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਉੱਥੇ ਹੀ ਸੁਸ਼ਮਾ ਸਵਰਾਜ ਪੁੱਤਰੀ ਸ੍ਰੀ ਹੰਸ ਰਾਜ ਨੇ 78.2 ਫੀਸਦੀ ਅੰਕ ਪ੍ਰਾਪਤ ਕਰਕੇ ਜਿਲੇ ਭਰ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਉੱਪਰ ਕਾਲਜ ਪ੍ਰਿੰਸੀਪਲ ਸ੍ਰੀਮਤੀ ਗੀਤਾਂਜਲੀ ਸ਼ਰਮਾ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਪ੍ਰੀਆ ਬਾਵਾ ਦੁਆਰਾ ਵਿਦਿਆਰਥੀਆਂ ਦੀਆਂ ਉੱਚ ਪ੍ਰਾਪਤੀਆਂ ਤੇ ਉਹਨਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹਨਾਂ ਵਿਦਿਆਰਥਣਾਂ ਨੇ ਕਾਲਜ ਦੇ ਮਾਣ ਨੂੰ ਵਧਾਇਆ ਹੈ। ਕਾਲਜ ਦੇ ਵਿਦਿਆਰਥੀ ਦੀਆਂ ਉੱਚ ਪ੍ਰਾਪਤੀਆਂ ਲਈ ਜਿੱਥੇ ਉਹਨਾਂ ਨੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਉੱਥੇ ਹੀ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਭਵਿੱਖ ਵਿੱਚ ਵਿਦਿਆਰਥੀ ਆਪਣੇ ਮਾਤਾ ਪਿਤਾ ਅਤੇ ਕਾਲਜ ਦਾ ਨਾਂ ਰੋਸ਼ਨ ਕਰ ਸਕਣ।



## ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਵਿਖੇ ਫਰੈਸ਼ਰ ਪਾਰਟੀ ਮਨਾਈ



## ਪਰਸਨੈਲਿਟੀ ਡਿਵੈਲਪਮੈਂਟ 'ਤੇ ਵਿਸ਼ੇਸ਼ ਪ੍ਰੋਗਰਾਮ ਕਰਾਇਆ



## ਆਓ ਰਲ-ਮਿਲ ਕੇ ਮੁਹਿੰਮ ਚਲਾਈਏ, ਨਸ਼ਾ ਮੁਕਤ ਪੰਜਾਬ ਬਣਾਈਏ-ਚਮਨ ਸਿੰਘ ਪ੍ਰੋਜੈਕਟ ਡਾਇਰੈਕਟਰ

# ਖੇਡ ਗਤੀਵਿਧੀਆਂ











# ਐਨ.ਐੱਸ.ਐੱਸ ਗਤੀਵਿਧੀਆਂ


















# ਸਮਾਗਮ/ਸਮਾਰੋਹ


ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ
(ਸ਼ਹੀਦ ਭਗਤ ਸਿੰਘ ਨਗਰ)
Affiliated to Guru Nanak Dev University, Amritsar


SARDAR DILBAG SINGH
GOVT. COLLEGE JADLA
WELCOMES YOU


S.Naik Lakhwinder Singh





# ਕਾਲਜ ਦਾ ਮਾਣ





## ਜੈਸੀਕਾ

Achieved $1^{st}$ Position at District level in B.A $5^{th}$ Semester during the session 2024-25

## ਸੁਸ਼ਮਾ ਸਵਰਾਜ

Achieved 2nd Position at District level in B.A $5^{th}$ Semester during the session 2024-25







## ਜਸਵਿੰਦਰ ਸਿੰਘ

- First Prize in District Level Yuva Utsav Bharat@2047
- District Level First in Peom Competition with Cash Pize
- National Intergration Camp 2025 Andhra Pardesh (Best Actor Award)
- Represent College in National Youth Parliament 2025 At State Level

## ਵਿਕਰਮ ਕੁਮਾਰ

- Best Stand-Up Comedian Awarded by THE MAD HOUSE CLUB
- National Youth Program 2024 Nasik ,
- Inter-State Youth Exchange Program 2025 Gwalior MP

## ਨਰਗਿਸ

- First Prize in District Level Yuva-Utsav Bharat@2047

# ਕਾਲਜ ਕੈਂਪਸ ਵਿੱਚ ਅਨੁਸ਼ਾਸਨ ਸਬੰਧੀ ਨਿਯਮ

1. ਕਾਲਜ ਵਿੱਚ ਵਿਦਿਆਰਥੀ ਆਪਣੇ ਸ਼ਨਾਖਤੀ ਕਾਰਡ ਗਲੇ ਵਿੱਚ ਪਾ ਕੇ ਰੱਖਣਗੇ। ਬਿਨ੍ਹਾਂ ਸ਼ਨਾਖਤੀ ਕਾਰਡ ਕੈਂਪਸ ਵਿੱਚ ਆਉਣ ਦੀ ਆਗਿਆ ਨਹੀਂ ਹੈ।
2. ਵਿਦਿਆਰਥੀ ਉਚਿਤ ਸਲੀਕੇ ਵਾਲੇ ਪਹਿਰਾਵੇ ਵਿੱਚ ਕਾਲਜ ਆਉਣਗੇ।
3. ਕਾਲਜ ਵਿੱਚ ਬਾਹਰਲੇ ਅਨਸਰਾਂ ਜਾਂ ਦੋਸਤ ਮਿੱਤਰਾਂ ਨੂੰ ਲੈ ਕੇ ਆਉਣ ਦੀ ਸਖਤ ਮਨਾਹੀ ਹੈ।
4. ਜੇਕਰ ਕਿਸੇ ਵਿਦਿਆਰਥੀ ਦੇ ਮਾਤਾ/ਪਿਤਾ ਜਾਂ ਰਿਸ਼ਤੇਦਾਰ ਵਿਦਿਆਰਥੀ ਨੂੰ ਮਿਲਣ ਲਈ ਆਉਂਦੇ ਹਨ ਤਾਂ ਇਸ ਸੰਬੰਧੀ ਕਾਲਜ ਦਫਤਰ ਤੋਂ ਆਗਿਆ ਲੈਣੀ ਜ਼ਰੂਰੀ ਹੈ।
5. ਵਿਦਿਆਰਥੀ ਆਪਣੇ ਵਿਹਲੇ ਪੀਰੀਅਡ ਵਿੱਚ ਲਾਇਬ੍ਰੇਰੀ/ਕੰਟੀਨ ਜਾਂ ਲੜਕੇ ਅਤੇ ਲੜਕੀਆਂ ਲਈ ਨਿਸ਼ਚਿਤ ਕੀਤੇ ਲਾਅਨਜ਼ ਵਿੱਚ ਹੀ ਬੈਠਣਗੇ।
6. ਵਰਾਂਡਿਆਂ ਅਤੇ ਕੋਰੀਡੋਰਾਂ ਵਿੱਚ ਬਿਨਾਂ ਵਜਾ ਖੜੇ ਹੋਣ ਅਤੇ ਆਵਾਜਾਈ ਦੀ ਸਖਤ ਮਨਾਹੀ ਹੈ।
7. ਕਾਲਜ ਦੀ ਸੰਪਤੀ ਦੀ ਦੇਖਭਾਲ ਅਤੇ ਸੰਭਾਲ ਕਰਨਾ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ। ਕਾਲਜ ਦੇ ਕਿਸੇ ਵੀ ਸਾਮਾਨ ਦੀ ਭੰਨਤੋੜ ਜਾਂ ਨੋਟਿਸ ਬੋਰਡ ਤੋਂ ਨੋਟਿਸ ਉਤਾਰਨ ਜਾਂ ਪਾੜਨ ਵਾਲੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਘੱਟੋ-ਘੱਟ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ।
8. ਕਾਲਜ ਵਿੱਚ ਮੋਬਾਈਲ ਫੋਨ ਦੀ ਵਰਤੋਂ ਦੀ ਮਨਾਹੀ ਹੈ।
9. ਕਾਲਜ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਸਖਤ ਮਨਾਹੀ ਹੈ। ਅਜਿਹਾ ਕਰਦੇ ਸਮੇਂ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
10. ਕਾਲਜ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਇਹ ਇੱਕ ਦੰਡਯੋਗ ਅਪਰਾਧ ਹੈ। ਕਾਲਜ ਕੈਂਪਸ ਅਤੇ ਕਾਲਜ ਕੈਂਪਸ ਦੇ ਬਾਹਰ ਜਿਹੜੇ ਵਿਦਿਆਰਥੀ ਇਸ ਵਿੱਚ ਸ਼ਾਮਲ ਹੋਣਗੇ ਉਹ ਕਾਨੂੰਨ ਅਨੁਸਾਰ ਸਜ਼ਾ ਦੇ ਭਾਗੀ ਹੋਣਗੇ।
11. ਸ਼ਨਾਖਤੀ ਕਾਰਡ ਗੁੰਮ ਹੋਣ ਉੱਤੇ ਐੱਫ. ਆਈ. ਆਰ. ਦਰਜ ਕਰਾਉਣੀ ਲਾਜ਼ਮੀ ਹੈ ਅਤੇ ਨਾਲ ਹੀ ਲੋੜੀਂਦੀ ਫੀਸ ਵੀ ਜਮ੍ਹਾਂ ਕਰਵਾਉਣੀ ਪਵੇਗੀ।
12. ਅਨੁਸ਼ਾਸ਼ਨ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਕਾਲਜ ਵਿੱਚੋਂ ਕੱਢੇ ਵੀ ਜਾ ਸਕਦੇ ਹਨ।

# ਲੋੜੀਂਦੇ ਸਰਟੀਫੀਕੇਟਾਂ ਦੇ ਨਮੂਨੇ

## ਗੈਪ ਕੇਸ ਲਈ ਮਾਪਿਆਂ ਵੱਲੋਂ ਸਵੈ ਹਲਫੀਆ ਬਿਆਨ (ਨਮੂਨਾ ਫਾਰਮ)

ਮੈਂ ਸ੍ਰੀ/ਸ੍ਰੀਮਤੀ____________________ ਪੁੱਤਰ/ਪੁੱਤਰੀ__________________ਵਾਸੀ ਮਕਾਨ ਨੰ. __________

ਤਹਿਸੀਲ__________ ਜ਼ਿਲ੍ਹਾ____________________ ਅਨੁਸਾਰ ਸਵੈ ਹਲਫੀਆ ਬਿਆਨ ਕਰਦਾ ਹਾਂ ਕਿ:-

1. ਮੈਂ ਉੱਪਰੋਕਤ ਪਤੇ ਦਾ ਪੱਕਾ ਵਸਨੀਕ ਹਾਂ ।
2. ਮੇਰੀ ਪੁੱਤਰ/ਪੁੱਤਰੀ___________________ ਨੇ ਸੈਸ਼ਨ _________ ਵਿਚ +2 ਪਾਸ ਕੀਤੀ ਹੈ।
3. ਇਸ ਤੋਂ ਬਾਅਦ ਉਸ ਨੇ ਕਿਸੇ ਵੀ ਸੰਸਥਾ ਵਿਚ ਦਾਖਲਾ ਨਹੀਂ ਲਿਆ ਅਤੇ ਨਾ ਹੀ ਉਸ ਕਿਸੇ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਗਿਆ ਹੈ।
4. ਮੇਰੇ ਪੁੱਤਰ/ਪੁੱਤਰੀ ___________________ ਇਸ ਸਮੇਂ ਦੌਰਾਨ __________________ ਕੰਮ ਕੀਤਾ ਹੈ।
5. ਇਸ ਦਾ ਕਿਸੇ ਸਿਆਸੀ ਪਾਰਟੀ ਅਤੇ ਗ਼ੈਰ ਸਮਾਜਿਕ ਸੰਗਠਨ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਇਸ ਦੇ ਖਿਲਾਫ ਕੋਈ ਪੁਲਿਸ ਕੇਸ/ਕੋਰਟ ਕੇਸ ਹੈ।
6. ਮੈਂ ਕਿਸੇ ਵੀ ਤਰ੍ਹਾਂ ਦੀ ਅਨੁਸਾਸ਼ਨਹੀਣਤਾ ਅਤੇ ਗ਼ੈਰ ਜ਼ਿੰਮੇਵਾਰਨਾ ਵਿਵਹਾਰ ਲਈ ਇਸ ਦੀ ਜ਼ਿੰਮੇਵਾਰੀ ਲੈਂਦਾ/ਲੈਂਦੀ ਹਾਂ।

ਹਸਤਾਖਰ (ਸਰਪੰਚ/ਐਮ.ਸੀ) ਮਾਪਿਆਂ ਦੇ ਹਸਤਾਖਰ

(ਮੋਹਰ ਅਤੇ ਮਿਤੀ)

## ਆਚਰਣ ਸਰਟੀਫਿਕੇਟ (ਨਮੂਨਾ ਫਾਰਮ)

(ਕੇਵਲ ਪ੍ਰਾਈਵੇਟ ਅਤੇ ਗੈਪ ਕੇਸ ਵਿਦਿਆਰਥੀਆਂ ਲਈ)

ਤਸਦੀਕ ਕੀਤਾ ਜਾਂਦਾ ਹੈ ਕਿ ________________________ ਪੁੱਤਰ/ਪੁੱਤਰੀ___________________ਵਾਸੀ ਮਕਾਨ ਨੰ. __________ ਤਹਿਸੀਲ__________ ਜ਼ਿਲ੍ਹਾ______________________ ਦਾ ਵਸਨੀਕ ਹੈ। ਇਸ ਨੂੰ ਮੈਂ ਜਾਤੀ ਤੌਰ ਤੇ ਜਾਣਦਾ ਹਾਂ। ਇਸ ਦਾ ਕਿਸੇ ਸਿਆਸੀ ਪਾਰਟੀ ਅਤੇ ਗ਼ੈਰ ਸਮਾਜਿਕ ਸੰਗਠਨ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਇਸ ਦੇ ਖਿਲਾਫ ਕੋਈ ਪੁਲਿਸ ਕੇਸ/ਕੋਰਟ ਕੇਸ ਹੈ। ਇਸ ਦਾ ਆਚਰਣ ਬਿਲਕੁਲ ਸਹੀ ਅਤੇ ਤਸੱਲੀਬਖਸ਼ ਹੈ।

ਹਸਤਾਖਰ (ਸਰਪੰਚ/ਐਮ.ਸੀ)

(ਮੋਹਰ ਅਤੇ ਮਿਤੀ)

# ਬੱਸ ਪਾਸ ਲਈ ਨਮੂਨਾ ਫਾਰਮ

ਸੇਵਾ ਵਿਖੇ,

ਜਨਰਲ ਮੈਨੇਜਰ
ਪੀ. ਆਰ. ਟੀ. ਸੀ,
......................।

ਵਿਸ਼ਾ: ਵਿਦਿਆਰਥੀ ਬੱਸ ਪਾਸ ਲਈ ਬਿਨੈ ਪੱਤਰ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈ ........................................... ਦਾ ਰੈਗੂਲਰ ਵਿਦਿਆਰਥੀ ਹਾਂ ਅਤੇ ਸੰਸਥਾ ਤੋਂ ਮੇਰੇ ਘਰ ਦੀ ਦੂਰੀ 60 ਕਿ: ਮੀ: ਦੇ ਅੰਦਰ ਹੈ। ਮੇਰਾ ਵੇਰਵਾ ਨਿਮਨ ਅਨੁਸਾਰ ਹੈ:-

| ਨਾਮ | ਰੋਲ ਨੰਬਰ | ਕੋਰਸ | ਕਲਾਸ | ਵਿਭਾਗ | ਸੈਸ਼ਨ |
|---|---|---|---|---|---|
| | | | | | |

ਪਿਤਾ ਦਾ ਨਾਂ ...............................................ਘਰ ਦਾ ਪਤਾ...........................................

.........................................................................................................................................

.........................................................................................................

ਮੇਰੇ ਪਿੰਡ ਨੂੰ ਸਰਕਾਰੀ ਬੱਸ ਦਾ ...................................................ਬੱਸ ਸਟਾਪ ਲਗਦਾ ਹੈ।

ਮੈ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ:

ਮੈ ਹੋਸਟਲ ਵਿੱਚ ਨਹੀਂ ਰਹਿ ਰਿਹਾ।

ਮੈਂ ਕੋਈ ਸਰਕਾਰੀ / ਗੈਰ ਸਰਕਾਰੀ ਨੋਕਰੀ ਨਹੀਂ ਕਰਦਾ/ਕਰਦੀ ਹਾਂ।

ਮੈਂ ਕਿਸੇ ਸੰਸਥਾ ਤੋਂ ਵਜੀਫਾ/ਮਾਣ ਭੱਤਾ ਨਹੀਂ ਲੈ ਰਿਹਾ/ਰਹੀ

ਮੇਰੇ ਦਾਖਲੇ ਦੀ ਮਿਤੀ..........................................

ਇਸ ਲਈ ਮੈਨੂੰ ਥਾਂ..............................ਤੋਂ.........................................ਤੱਕ ਮਿਤੀ................

ਤੋ..........................................ਤੱਕ ਬੱਸ ਪਾਸ ਜਾਰੀ ਕੀਤੀ ਜਾਵੇ।

ਮੇਰਾ ਪਿੱਛਲਾ ਬੱਸ ਪਾਸ ਰਸੀਦ ਨੰਬਰ........................ਮਿਤੀ ....................................ਨੂੰ ਖਤਮ ਹੋ ਗਿਆ ਹੈ/ਰਿਹਾ ਹੈ।

ਮੈਂ ਬੱਸ ਪਾਸ ਪਹਿਲੀ ਵਾਰ ਬਣਵਾ ਰਿਹਾ/ਰਹੀ ਹਾਂ। ਇਸ ਤੋਂ ਪਹਿਲਾਂ.............................................।

ਉਪਰੋਕਤ ਵੇਰਵੇ ਦੇ ਅਧਾਰ ਤੇ ਕਿਰਪਾ ਕਰਕੇ ਮੇਰਾ ਰਿਆਇਤੀ ਵਿਦਿਆਰਥੀ ਬੱਸ ਪਾਸ ਜਾਰੀ ਕੀਤਾ ਜਾਵੇ। ਮੇਰੇ ਉਪਰੋਕਤ ਵੇਰਵੇ ਗਲਤ ਸਾਬਤ ਹੋਣ ਤੇ ਕਿਰਾਏ ਦੀ 10 ਗੁਣਾਂ ਬਣਦੀ ਰਕਮ ਦੇਣ ਲਈ ਰਜਾਮੰਦ ਹਾਂ।ਪਾਸ, ਜਾਰੀ ਹੋਣ ਤੋਂ ਪੀ.ਆਰ.ਟੀ. ਸੀ. ਦੀਆਂ ਹਦਾਇਤਾਂ ਦੀ ਪਾਲਣਾ ਦੀ ਜਿੰਮੇਵਾਰੀ ਲੈਂਦਾ/ਲੈਂਦੀ ਹਾਂ ਅਤੇ ਮੈਂ ਬੱਸ ਪਾਸ ਨੂੰ ਸਮੇਂ ਸਿਰ ਰੀਨਿਊ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ ਜੇਕਰ ਪਾਸ ਕਿਸੇ ਕਾਰਨ ਰੀਨਿਊ ਨਹੀਂ ਕਰਵਾਉਂਦਾਂ ਤਾਂ ਇਸ ਸਬੰਧੀ ਸੂਚਨਾਂ ਜਨਰਲ ਮੈਨੇਜਰ, ਪੀ. ਆਰ. ਟੀ. ਸੀ. ਨੂੰ ਦਿੱਤੀ ਜਾਵੇਗੀ।

ਧੰਨਵਾਦ ਸਹਿਤ।

ਵਿਸ਼ਵਾਸਪਾਤਰ,

ਮਿਤੀ:

ਕਾਲਜ/ਸੰਸਥਾ ਦੇ ਮੁਖੀ ਵੱਲ ਦਿੱਤਾ ਗਿਆ ਉਪਰੋਕਤ ਵੇਰਵਾ ਠੀਕ ਹੈ ਅਤੇ ਸਕੂਲ/ਕਾਲਜ,ਮੈਡੀਕਲ/ਆਈ.ਟੀ ਆਈ.ਅਤੇ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਇਹ ਸੰਸਥਾਂ ਉਕਤ ਕੋਰਸ ਦੇ ਬੱਸ ਪਾਸ ਜਾਰੀ ਕਰਨ ਲਈ ਪ੍ਰਮਾਣਿਤ ਹੈ। ਇਸ ਲਈ ਬੱਸ ਪਾਸ ਬਨਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਸੰਸਥਾ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ ਅਤੇ ਇਸ ਦੇ ਵਿਦਿਆਰਥੀ ਨੂੰ ਜਾਰੀ ਕੀਤੇ ਬੱਸ ਪਾਸਾਂ ਕਾਰਣ ਪਏ ਘਾਟੇ ਦੀ ਪੂਰੀ ਪੂਰਤੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਪ੍ਰੰਤੂ ਗਲਤ ਤਸਦੀਕ ਕਰਨ ਦੀ ਹਾਲਤ ਵਿੱਚ ਰਿਆਇਤੀ ਬੱਸ ਪਾਸ ਜਾਰੀ ਹੋਣ ਤੇ ਘਾਟੇ ਦੀ ਪੂਰੀ ਭਰਪਾਈ ਕਰਨ ਲਈ ਇਸ ਸੰਸਥਾਂ ਦੀ ਜਿੰਮੇਵਾਰੀ ਹੋਵਾਂਗੀ।

ਸ਼ੀਨ ਵਿਦਿਆਰਥੀ

ਪ੍ਰਿੰਸੀਪਲ/ ਸੰਸਥਾ ਦਾ ਮੁੱਖੀ

**ਜ਼ਰੂਰੀ ਸੂਚਨਾ:**

1 ਰਿਹਾਇਸ਼ ਦੇ ਸਬੂਤ ਲਈ ਰਾਸ਼ਨ ਕਾਰਡ/ ਡੋਮੀਸਾਇਲ ਸਰਟੀਫਿਕੇਟ ਦੀ ਫੋਟੋ ਕਾਪੀ ਕਿਸੇ ਗਜਟਿਡ ਅਫਸਰ ਜਾਂ ਮੈਜਿਸਟ੍ਰੇਟ ਵੱਲੋਂ ਤਸਦੀਕਸ਼ੁਦਾ ਹੋਵੇ ਅਤੇ ਹਲਫੀਆਂ ਬਿਆਨ ਨਾਲ ਨੱਥੀ ਕੀਤਾ ਜਾਵੇ।

2 ਪੁਰਾਣਾ ਬੱਸ ਪਾਸ ਕਾਰਡ ਨਾਲ ਲਗਾਓ। ਪਾਸ ਗੁੰਮ ਹੋਣ ਦੀ ਸੂਰਤ ਵਿੱਚ ਪੁਲਿਸ ਰਿਪੋਰਟ ਨਾਲ ਨੱਥੀ ਕਰੋ।

3 ਪੱਤਰ ਵਿਹਾਰ, ਅਪਰੰਟਸ਼ਿਪ ਅਤੇ ਇੰਟਰਨਸ਼ਿਪ ਦੇ ਵਿਦਿਆਰਥੀਆਂ ਦੇ ਵਿਦਿਆਰਥੀਆਂ ਦੇ ਬੱਸ ਪਾਸ ਨਹੀਂ ਬਣਦੇ।

4 ਬੱਸ ਸਫਰ ਸਹੂਲਤ ਨਾ ਲੈਣ ਦੀ ਸੂਰਤ ਵਿੱਚ ਬੱਸ ਪਾਸ ਕਾਰਡ ਪੀ.ਆਰ. ਟੀ. ਸੀ. ਦਫਤਰ ਵਿੱਚ ਜਮਾਂ ਕਰਵਾਇਆ ਜਾਵੇ।

# ਦਾਖਲਾ ਫਾਰਮ ਨਮੂਨਾ

## ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ (ਸ਼ਹੀਦ ਭਗਤ ਸਿੰਘ ਨਗਰ)

ਫਾਰਮ ਨੰ. ...... ਕਲਾਸ __________ ਸੈਸ਼ਨ ______________

| SC | BC | OBC | Gen | Other |
|---|---|---|---|---|

ABC ID ____________________________________________

(ਕਾਲਜ ਦਫਤਰ ਵੱਲੋਂ ਭਰਿਆ ਜਾਵੇਗਾ)

ਰੋਲ ਨੰਬਰ ..............................................................................

ਫੀਸ ਦੀ ਰਸੀਦ ਨੰ. ............................... ਮਿਤੀ ...............................

ਪਾਸਪੋਰਟ ਸਾਇਜ਼ ਫੋਟੋ

1. ਵਿਦਿਆਰਥੀ ਦੀ E-Mail ..............................................................................

2. ਉਮੀਦਵਾਰ ਦਾ ਅਧਾਰ ਨੰ. [ ][ ][ ][ ] [ ][ ][ ][ ] [ ][ ][ ][ ]

3. ਉਮੀਦਵਾਰ ਦਾ ਨਾਂ (ਪੰਜਾਬੀ ਵਿਚ) ..............................................................................

(ਅੰਗਰੇਜ਼ੀ ਵਿਚ ) [ ][ ][ ][ ][ ][ ][ ][ ][ ][ ][ ][ ][ ][ ][ ]

4. ਜਨਮ ਮਿਤੀ (ਮੈਟ੍ਰਿਕ ਦੇ ਸਰਟੀਫਿਕੇਟ ਅਨੁਸਾਰ) [ ][ ] [ ][ ] [ ][ ][ ][ ]

5. ਪਿਤਾ ਦਾ ਨਾਂ (ਪੰਜਾਬੀ ਵਿਚ) ..............................................................................

(ਅੰਗਰੇਜ਼ੀ ਵਿਚ ) [ ][ ][ ][ ][ ][ ][ ][ ][ ][ ][ ][ ][ ][ ][ ]

6. ਮਾਤਾ ਦਾ ਨਾਂ (ਪੰਜਾਬੀ ਵਿਚ) ..............................................................................

(ਅੰਗਰੇਜ਼ੀ ਵਿਚ ) [ ][ ][ ][ ][ ][ ][ ][ ][ ][ ][ ][ ][ ][ ][ ]

7. ਮੌਜੂਦਾ ਪਤਾ ਜਿੱਥੇ ਤੁਸੀਂ ਰਹਿੰਦੇ ਹੋ ..............................................................................

.............................................................................. ਪਿੰਨ ਕੋਡ ........................

8. ਤੁਸੀਂ ਕਿਹੜੇ ਵਿਸ਼ੇ ਪੜ੍ਹਨਾ ਚਾਹੁੰਦੇ ਹੋ ? ਪ੍ਰਾਸਪੈਕਟਸ ਵਿਚੋਂ ਵਿਸ਼ਿਆਂ ਦੇ ਜੁੱਟਾਂ ਦੀ ਸੂਚੀ ਦੇਖ ਕੇ ਭਰੋ।

1. ਲਾਜ਼ਮੀ ਪੰਜਾਬੀ 2. ਲਾਜ਼ਮੀ ਅੰਗਰੇਜ਼ੀ

3.______________________ 4.______________________

5.______________________ 6.______________________

7.______________________ 8.______________________

9 ਵਿਦਿਆਰਥੀ ਦਾ ਮੋਬਾਇਲ ਨੰ. ............................... ਪ੍ਰੀਖਿਆ ਲਈ ਮਾਧਿਅਮ........................

10. ਕੀ ਤੁਸੀਂ 10ਵੀਂ/ਮੈਟ੍ਰਿਕ ਪੱਧਰ ਤੱਕ ਪੰਜਾਬੀ ਵਿਸ਼ੇ ਨੂੰ ਪੜ੍ਹਿਆ ਹੈ: [ ਹਾਂ ] ਜਾਂ [ ਨਹੀਂ ]

11. ਪ੍ਰਾਰਥਕ ਦਾ ਅਕਾਦਮਿਕ ਵੇਰਵਾ :

| ਲੜੀ ਨੰ. | ਦਾਖਲੇ ਲਈ ਲੋੜੀਂਦੀ ਯੋਗਤਾ ਅਤੇ ਪ੍ਰੀਖਿਆ ਦਾ ਨਾਂ | ਪਾਸ ਕਰਨ ਦਾ ਸਾਲ | ਸਰਟੀਫਿਕੇਟ ਲੜੀ ਨੰ. | ਯੂਨੀਵਰਸਿਟੀ /ਬੋਰਡ | ਰੋਲ ਨੰਬਰ | ਪ੍ਰਾਪਤ ਕੀਤੇ ਅੰਕ | ਕੁਲ ਅੰਕ | ਪ੍ਰਤੀਸ਼ਤ% | ਰਜਿਸਟ੍ਰੇਸ਼ਨ ਨੰਬਰ |
|---|---|---|---|---|---|---|---|---|---|
| 1. | ਦਸਵੀਂ | | | | | | | | |
| 2. | 10+2 | | | | | | | | |
| 3. | ਬੀ.ਏ/ ਬੀ.ਕਾਮ | | | | | | | | |
| 4. | ਬੀ.ਏ/ ਬੀ.ਕਾਮ | | | | | | | | |

12. ਲੜਕਾ ☐ ਲੜਕੀ ☐ ਵਿਆਹਿਤ ☐ ਅਣਵਿਆਹਿਤ ☐ ਬਲੱਡ ਗਰੁੱਪ

13. ਤੁਸੀਂ ਕਿਸ ਧਰਮ ਨਾਲ ਸੰਬੰਧਿਤ ਹੋ ................................................................

14. ਪਿਤਾ/ਸਰਪ੍ਰਸਤ ਦਾ ਕਿੱਤਾ ਅਤੇ ਪੱਕਾ ਪਤਾ/ਮੋਬਾਇਲ ਨੰ ................................................

.................................................. .................................................. ਸਾਲਾਨਾ ਆਮਦਨ ............

15. ਕੰਪਾਰਟਮੈਂਟ ਵਾਲੇ ਉਮੀਦਵਾਰ ਲਈ ਕੰਪਾਰਟਮੈਂਟ ਦਾ ਵਿਸ਼ਾ ਕੋਈ ................................................

ਯੂਨੀਵਰਸਿਟੀ/ਬੋਰਡ.................................................. ਸਾਲ ..................................

16. ਕੀ ਤੁਹਾਨੂੰ ਸਕੂਲ ਬੋਰਡ/ ਯੂਨੀਵਰਸਿਟੀ / ਕਾਲਜ ਵੱਲੋਂ ਕਦੇ ਅਯੋਗ ਕਰਾਰ ਦਿੱਤਾ ਗਿਆ ਹੈ ? ਜੇ ਹਾਂ ਤਾਂ ਵੇਰਵਾ ਦਿਓ ....................

..........................................................................................................

17. ਬੈਂਕ ਦਾ ਨਾਂ.................................................. ਬ੍ਰਾਂਚ ਦਾ ਨਾਂ ....................

ਆਈ.ਐੱਫ.ਐੱਸ. ਕੋਡ.................................................. ਬੈਂਕ ਖਾਤਾ ਨੰ. ..................................................

**ਮੈਂ ਘੋਸ਼ਣਾ ਕਰਦਾ ਹਾਂ/ਕਰਦੀ ਹਾਂ ਕਿ :–**

- ਇਹ ਬਿਨੈ ਪੱਤਰ ਮੈਂ ਆਪਣੀ ਮਰਜ਼ੀ ਨਾਲ ਅਤੇ ਆਪਣੇ ਮਾਤਾ-ਪਿਤਾ/ਸਰਪ੍ਰਸਤ ਦੀ ਆਗਿਆ ਨਾਲ ਭਰ ਰਿਹਾ ਹਾਂ/ਰਹੀ ਹਾਂ।
- ਮੈਂ ਪ੍ਰਾਸਪੈਕਟਸ ਵਿਚ ਦਰਜ ਸਾਰੇ ਨਿਯਮਾਂ ਅਤੇ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ/ਸਮਝ ਲਿਆ ਹੈ ਅਤੇ ਮੈਂ ਇਨ੍ਹਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਂਗਾ/ਹੋਵਾਂਗੀ।
- ਮੈਂ ਕਾਲਜ ਵਿਚ ਪੜ੍ਹਾਈ ਦੇ ਦੌਰਾਨ ਪੂਰੇ ਅਨੁਸ਼ਾਸਨ ਵਿਚ ਰਹਾਂਗਾ/ਰਹਾਂਗੀ ਅਤੇ ਕਾਲਜ ਦਫਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਸੂਚਨਾਵਾਂ ਦੀ ਜ਼ਿੰਮੇਵਾਰੀ ਧਿਆਨ ਰੱਖਾਂਗਾ/ਰੱਖਾਂਗੀ।
- ਜੇ ਮੈਂ ਕਿਸੇ ਕਾਰਨ ਵੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਾਲਜ ਵਿਚ ਹੜਤਾਲ ਕਰਵਾਉਣ ਵਿਚ ਭਾਗ ਲਵਾਂ ਜਾਂ ਅਸਿੱਧੇ ਤਰੀਕੇ ਨਾਲ ਕਿਸੇ ਵਿਦਿਆਰਥੀ ਨੂੰ ਅਜਿਹਾ ਕਰਨ ਲਈ ਉਕਸਾਵਾਂ ਜਿਸ ਨਾਲ ਕਾਲਜ ਦਾ ਅਨੁਸ਼ਾਸਨ ਭੰਗ ਹੁੰਦਾ ਹੋਵੇ ਤਾਂ ਮੈਨੂੰ ਜੁਰਮਾਨਾ ਹੋ ਸਕਦਾ ਹੈ। ਕਾਲਜ ਵਿਚੋਂ ਮੇਰਾ ਨਾਂ ਕੱਟਿਆ ਜਾ ਸਕਦਾ ਹੈ ਅਤੇ ਰਸਟੀਕੇਟ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।
- ਮੈਂ ਕਾਲਜ ਨੂੰ ਦੇਣਯੋਗ ਫੀਸਾਂ/ਫੰਡਾਂ ਅਤੇ ਹੋਰ ਰਕਮ ਸਮੇਂ-ਸਮੇਂ ਸਿਰ ਅਦਾ ਕਰਾਂਗਾ/ਕਰਾਂਗੀ ਅਤੇ ਉਹ ਸਾਰੇ ਨੁਕਸਾਨ ਜਾਂ ਖਰਚੇ ਜਿਹੜੇ ਇਹੋ ਜਿਹੀਆਂ ਅਦਾਇਗੀਆਂ ਨਾ ਕਰਨ ਕਰਕੇ ਹੋਣ ਉਸ ਲਈ ਮੈਂ ਖੁਦ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ।
- ਸਾਲਾਨਾ ਪ੍ਰੀਖਿਆ ਵਿਚ ਬੈਠਣ ਤੋਂ ਪਹਿਲਾਂ ਮੈਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ/M.S.T ਪਾਸ ਕਰਨ ਸੰਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ ਅਤੇ ਇਹ ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿਚ ਮੈਂ ਸਾਲਾਨਾ ਪ੍ਰੀਖਿਆਵਾਂ ਵਿਚ ਬੈਠਣ ਦਾ/ਦੀ ਦਾਵੇਦਾਰ ਨਹੀਂ ਹੋਵਾਂਗਾ/ਹੋਵਾਂਗੀ।
- ਮੈਂ ਆਪਣੇ ਆਪ ਨੂੰ ਪੜ੍ਹਾਈ, ਖੇਡਾਂ, ਅਤੇ ਹੋਰ ਵਿਦਿਅਕ ਸਰਗਰਮੀਆਂ ਲਈ ਜਿਨ੍ਹਾਂ ਨੂੰ ਕਾਲਜ ਅਧਿਕਾਰੀ ਇਸ ਕਾਲਜ ਵਿਚ ਰਹਿਣ ਦੇ ਦੌਰਾਨ ਪ੍ਰਦਾਨ ਕਰਨ, ਅਰਪਣ ਕਰਾਂਗਾ/ਕਰਾਂਗੀ।
- ਮੇਰੇ ਵੱਲੋਂ ਦਿੱਤੇ ਗਏ ਉਪਰੋਕਤ ਵੇਰਵੇ ਬਿਲਕੁਲ ਦਰੁੱਸਤ ਹਨ। ਇਹ ਵੇਰਵੇ ਗਲਤ ਹੋਣ ਦੀ ਸੂਰਤ ਵਿਚ ਹਰ ਜ਼ਿੰਮੇਵਾਰੀ ਮੇਰੀ ਨਿੱਜੀ ਹੋਵੇਗੀ।
-

**ਮਿਤੀ** ____________

**ਮਾਤਾ/ਪਿਤਾ/ ਸਰਪ੍ਰਸਤ ਦੇ ਹਸਤਾਖਰ** **ਬਿਨੈਕਾਰ ਦੇ ਹਸਤਾਖਰ**

---

**ਦਾਖਲਾ ਕਮੇਟੀ ਵੱਲੋਂ ਦਾਖਲੇ ਦੀ ਸਿਫਾਰਸ਼ ਕੀਤੀ :–**

ਦਾਖਲਾ ਕਮੇਟੀ ਮੈਂਬਰਾਂ ਦੇ ਹਸਤਾਖਰ:-

..................................................

..................................................

ਕਨਵੀਨਰ ਦੇ ਹਸਤਾਖਰ

ਪ੍ਰਵਾਨ ਹੈ ਪ੍ਰਿੰਸੀਪਲ

## ਹੈਲਪਲਾਈਨ

**www.sdscollegejadla.com**

**01823-299200 principalgcjadla@gmail.com**

**FOLLOW US ON-** Sdsgovtcollege Jadla sdsgovtcollegejadla

